ਮਾਸਿਕ ੴ ਪੱਤਰ
ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY SURA LUDHIANA

## ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ
## ਹਰਿ ਸਿਮਰਨਿ ਕਰਿ ਹਰਿ ਜਨ ਛੂਟੇ

MARCH.98 ਮਾਰਚ ੯੮

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਹਰਿ ਬਿਨੁ ਅਵਰ ਕ੍ਰਿਆ ਬਿਰਥੇ | ੧ | ੧੦.ਹਰਿ ਕੀਰਤਨ ਗੁਰਬਾਣੀ ਦਾ ਹੀ... | ੨੧ |
| ੨.ਇਕ ਦੀ ਉਪਾਸ਼ਨਾ | ੩ | ੧੧.ਗੁਰਸਿਖੀ ਤੇ ਸਾਂਝੀਵਾਲਤਾ | ੨੨ |
| ੩.ਧਾਰੜੇ ਦਾ ਹੋਲੜਾ (ਕਵਿਤਾ) | ੬ | ੧੨.ਹੋਲਾ ਮਹੱਲਾ ਜ਼ਰੂਰ ਮਨਾਈਏ | ੨੫ |
| ੪.ਹੋਲੀ ਤੋਂ ਹੋਲਾ ਮਹੱਲਾ | ੭ | ੧੩.ਜੀਵਨ ਤੱਤ | ੨੬ |
| ੫.ਹੋਲੀ ਕੀਨੀ ਸੰਤ ਸੇਵ | ੯ | ੧੪.ਦਾਨ | ੨੭ |
| ੬.ਮੌਜੂਦਾ ਸੰਤ (ਕਵਿਤਾ) | ੧੧ | ੧੫.ਸਿੱਖ ਧਰਮ ਵਿਚ ਤਸਵੀਰ ਜਾ ਬੁੱਤ | ੨੮ |
| ੭.ਹੇ ਕਲਿ ਮੂਲ ਕ੍ਰੋਧੰ | ੧੨ | ੧੬.ਨਾਨਕਸ਼ਾਹੀ ਕੈਲੰਡਰ | ੨੯ |
| ੮.ਗੁਰਮਤ ਅਤੇ ਸਦਾਚਾਰ | ੧੬ | ੧੭.ਕਰਮ ਫਿਲਾਸਫ਼ੀ (੯) | ੩੦ |
| ੯.ਦਸਮੇਸ਼ ਜੀ ਦਾ ਹੋਲਾ ਮਹੱਲਾ | ੨੦ | ੧੮.ਧੰਨਿ ਧੰਨਿ ਕਹੈ ਸਭ ਕੋਇ | ੪੦ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਹੋਲਾ ਮਹੱਲਾ | ੧੪ ਮਾਰਚ | ਪਾ: ੩ ਗੁਰਿਆਈ ਮਿਲੀ | ੨੮ ਮਾਰਚ |
| ਪਾ: ੭ ਗੁਰਿਆਈ ਮਿਲੀ | ੨੬ ਮਾਰਚ | ਪਾ: ੨ ਜੋਤੀ ਜੋਤਿ ਸਮਾਏ | ੩੧ ਮਾਰਚ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ - ਸਬ ਆਫ਼ਿਸ "ਸੂਰਾ"- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ - ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ - ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਕ ਬਾਜ਼ਾਰ।
੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ - ਭਾਈ ਫੌਜਿੰਦਰ ਸਿੰਘ ਜੀ, ੫੩੩/੩ -ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ - ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ - ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ - ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ - ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ - ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ-੧੩੫੦੦੧ ਫੋਨ: ੨੬੨੧੭
੧੨. ਸੰਗਰੂਰ - ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ - ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।
ਸੂਚਨਾ - ਹਰ ਐਤਵਾਰ ਸੂਰਾ ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ. ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ - ਭਾਈ ਗੁਰਨਾਮ ਸਿੰਘ ਜੀ ੧੦-Lambourne Gardens, Earley Reading, Berks U.K. Tel. ੦੧੭੩੪-੨੬੭੯੦੦
੨. ਅਮਰੀਕਾ - ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ - ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ - ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧-੬੯੬੩੪੮੪੧
੫. ਨੀਊਜ਼ੀਲੈਂਡ - ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:-243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ-੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ਜਿਲਦ ੩੨
ਮਾਰਚ ੧੯੯੮
ਅੰਕ ੩

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)


## ਹਰਿ ਬਿਨੁ ਅਵਰ ਕ੍ਰਿਆ ਬਿਰਥੇ॥

ਹਰਿ ਬਿਨੁ ਅਵਰ ਕ੍ਰਿਆ ਬਿਰਥੇ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥੧॥ ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥੧॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥੨॥
ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥੩॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰਗਰਾਮੀ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ॥੪॥
॥੬॥੧੬੪॥(ਗਉੜੀ ਮਾਲਾ ਮ: ੫, ਪੰਨਾ ੨੧੬)

ਵਿਆਖਿਆ:- ਵਾਹਿਗੁਰੂ ਦੇ ਭਜਨ ਬਿਨੁ ਹੋਰਿ ਸਾਰੇ ਕਰਮ ਨਿਕੰਮੇ ਹਨ। ਇਹ ਜੋ ਜਪ ਤਪ ਸੰਜਮ ਆਦਿਕ ਕਰਮ ਮਨ ਨੂੰ ਵਿਸ਼ਿਆਂ ਤੋਂ ਰੋਕਣ ਦੇ ਸਾਧਨ ਸਮਝ ਕੇ ਕੀਤੇ ਜਾਂਦੇ ਹਨ, ਇਹ ਸਾਰੇ ਕਰਮ ਉਰੇ ਉਰੇ ਹੀ ਖੁਸ ਮੁਸ ਜਾਂਦੇ ਹਨ। ਇਨ੍ਹਾਂ ਕਰ੍ਮਾਂ ਦੇ ਕਰਨਹਾਰੇ ਇਹਨਾਂ ਕਰਮਾਂ ਕਰਕੇ ਰੱਬ ਤਾਈਂ ਪਹੁੰਚਣਾ ਹੀ ਨਹੀਂ ਪਾਉਂਦੇ। ਆਪਣੀ ਮਨਮਤਿ ਕਰਕੇ ਮਨਮਤੀਏ ਪੁਰਸ਼ ਬਰਤ ਨੇਮ ਆਦਿਕ ਆਨਮਤ ਕਰਮਾਂ ਦੇ ਬਥੇਰੇ ਯਤਨ (ਸੰਜਮ) ਕਰਦੇ ਹਨ, ਪਰ ਉਥੇ (ਅਗਲੀ ਦਰਗਾਹ ਵਿਚਿ) ਇਹਨਾਂ ਕਰਮਾਂ ਦਾ, ਏਹਨਾਂ ਕਰਮਾਂ ਦੇ ਯਤਨਾਂ ਦਾ ਕਉਡੀ ਮੁਲ ਭੀ ਨਹੀਂ ਪੈਂਦਾ। ਨਾ ਕਿਸੇ ਨੇ ਅਜ ਤਾਈਂ ਪਾਇਆ ਹੈ,ਨਾ ਅਗੇ ਨੂੰ ਪਾ ਸਕੇਗਾ। ਇਹ ਜਪ ਤਪ ਆਦਿਕ ਕਰਮ ਇਸ ਲੋਕ ਵਿਚਿ ਭਾਵੇਂ ਲੋਕਾਂ ਭਾਣੇ ਸਾਲਾਹੇ ਵਡਿਆਏ ਇਜ਼ਤਾਏ ਜਾਣ, ਪਰ ਅਗੇ ਪਰਲੋਕ ਵਿਚਿ ਇਹਨਾਂ ਕਰਮਾਂ ਦੀ ਕਖ ਭੀ ਕਦਰ ਨਹੀਂ ਪੈਂਦੀ। ਉਥੇ ਕਰਮ ਕਾਂਡ ਦੀ ਕੁਛ ਪੇਸ਼ ਨਹੀਂ ਜਾਂਦੀ। ਉਥੇ ਕਰਮ ਸੁਕਰਮੀ ਸਿਫਤਿ ਸਾਲਾਹੀ ਸਿੱਕੇ ਦੀ ਹੀ ਪਰਧਾਨਤਾ ਹੈ। ਉਥੇ ਇਹਨਾਂ ਕਰਮਾਂ ਦਾ ਤਸੂ ਮਾਤਰ ਫਲ ਨਹੀਂ ਮਿਲਦਾ। ਤਾਂਤੇ ਇਹਨਾ ਕਰਮਾ ਵਿਚੋਂ ਕੋਈ ਕਰਮ ਭੀ ਉਥੇ ਕੰਮ ਨਾ ਆਇਆ। ਨਾ ਹੀ ਆਵੰਦਾ ਹੈ, ਨਾ ਆਵੇਗਾ। ਆਨਮਤ ਤੀਰਥਾਂ ਦੇ ਨ੍ਹਾਉਣ ਵਾਲੇ ਅਤੇ ਆਪਣੇ ਮਨ ਦੀ ਮਤਿ ਅਨੁਸਾਰ ਭੇਖੀ ਸਾਧ ਬਣ ਕੇ ਥਾਉਂ ਥਾਈਂ ਧਰਤੀ ਉਤੇ ਫਿਰਨ ਭ੍ਰਮਣ ਵਾਲੇ ਮਨਮਤੀਏ ਨੂੰ ਅਗੇ ਚਲ ਕੇ ਦਰਗਾਹ ਵਿਚਿ ਠਉਰ ਟਿਕਾਣੇ ਵਾਲੀ ਥਾਂ ਨਹੀਂ ਮਿਲਦੀ। ਊਂਹਾਂ, ਅਗਲੀ ਦਰਗਾਹ ਵਿਚਿ ਉਪਰ ਦਸੇ ਆਨਮਤ ਕਰਮ ਧਰਮ ਕਿਸੇ ਬਿਧੀ ਮਨ ਦੀ ਮਤੀ ਅਨੁਸਾਰ ਕੀਤੇ ਕੰਮ ਨਹੀਂ ਆਉਂਦੇ। ਅਜਿਹੇ ਮਨਮਤੀ ਕਰਮ ਕਰਨ ਵਾਲਾ ਇਸ ਦੁਨੀਆਂ ਦੇ ਲੋਕਾਂ ਨੂੰ ਪਤੀਆਉਣ ਖ਼ਾਤਰ ਹੀ ਇਹ ਕਰਮ ਕਰਦਾ ਹੈ ਜੋ ਅਗੇ ਜਾ ਕੇ ਕਬੂਲ ਨਹੀਂ ਪੈਂਦੇ, ਧਰੇ ਦੇ ਧਰੇ




www.AKJ.Org

ਰਹਿ ਜਾਂਦੇ ਹਨ। ਚਾਹੇ ਚਾਰ ਬੇਦ ਮੂੰਹ-ਜ਼ਬਾਨੀ ਕੋਈ ਮਨ ਮਤੀਆ ਬੇਦਾਚਾਰੀ ਪੰਡਿਤ ਘੋਖ ਕੇ ਉਚਰਦਾ ਫਿਰੇ, ਚੌਹਾਂ ਬੇਦਾਂ ਦਾ ਬੇਤਾ ਵਿਖਿਆਤਾ ਗਿਆਤਾ ਹੋ ਕੇ ਭੀ ਉਸ ਨੂੰ ਸੱਚ-ਦਰਗਾਹੀ ਸੱਚ-ਦਰਬਾਰੀ ਮਹਲ ਨਹੀਂ ਪ੍ਰਾਪਤਿ ਹੁੰਦਾ। ਉਕਤ ਕਰਮ ਦੁਆਰਾ ਉਸ ਨੂੰ ਕੁਛ ਨਹੀਂ ਲਭਦਾ ਚਾਹੇ ਸਾਰੀ ਉਮਰ ਝਖਾਂ ਮਾਰਦਾ ਰਹੇ ਅਤੇ ਖਪਦਾ ਰਹੇ, ਅਤੇ ਸਾਰੀਆ ਟਕਰਾਂ ਮਾਰਦਾ ਰਹੇ। ਗੁਰੂ ਨਾਨਕ ਸਾਹਿਬ ਇਹ ਸਿੱਟੇ ਦੀ ਸਿਧਾਂਤਕ ਵੀਚਾਰ ਸੁਝਾਖਦੇ ਹਨ। ਜੋ ਇਸਨੂੰ ਕਮਾਵੇਗਾ, ਜੋ ਇਸ ਸਿਧਾਂਤ ਉਤੇ ਅਮਲ ਕਰੇਗਾ। ਸੋਈ ਪਾਰਗ੍ਰਾਮੀ ਹੋਵੇਗਾ, ਇਸ ਭਵਜਲ ਤੋਂ ਪਾਰ ਪਵੇਗਾ। ਉਹ ਕਿਹੜੀ ਤਤ ਵੀਚਾਰ ਹੈ, ਇਹ-

**ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ॥**

ਗੁਰੂ ਨੂੰ ਸੇਵਹੁ ਅਰਥਾਤ ਗੁਰੂ ਦੇ ਸੇਵਕ ਸਿਖ ਬਣੋ ਅਤੇ ਸੇਵਕ ਸਿਖ ਬਣ ਕੇ ਨਾਮ ਗੁਰ ਮੰਤਰ ਦੀ ਅਭਿਆਸ ਕਮਾਈ ਕਰੋ(ਨਾਮ ਧਿਆਣਾ) ਅਤੇ ਮਨ ਤੋਂ ਸਗਲ ਅਹੰਕਾਰ ਗੁਮਾਨ ਤਿਆਗ ਦੇਵੋ। ਮਨ-ਮਤੀਏ ਨ ਬਣੋ। ਮਨ ਦੀ ਮਤਿ ਹੀ ਹੰਕਾਰ ਦਾ ਮੂਲ ਹੈ।

ਮਨਮਤਿ ਦੇ ਕਰਮ ਕੀਤਿਆਂ ਅਹੰਕਾਰ ਹੀ ਵਧਦਾ ਹੈ, ਹੋਰ ਕੁਛ ਨਹੀਂ ਬਣਦਾ। ਯਥਾ ਗੁਰਵਾਕ -

ਕਰਮ ਕਰਤ ਬਧੇ ਅਹੰਮੇਵ॥੩॥ (੪॥੬)

(ਗਉੜੀ ਕਬੀਰ ਜੀ ਪੰਨਾ ੩੨੪)

ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ॥ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ॥੧॥ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ॥ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ॥੧॥ ਰਹਾਉ॥ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ॥ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ॥੨॥ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ॥ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ॥੩॥ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੂਖ ਕਰਿ ਹਮ ਹਾਰਿਓ ਰੇ॥ ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ॥੪॥

॥੧॥੫॥੫੬॥ (ਗਉੜੀ ਕਬੀਰ ਜੀ ਪੰਨਾ ੩੩੫)

ਨਾਮ ਨੂੰ ਵਿਸਾਰ ਕੇ ਅਤੇ ਮਨ ਦੇ, ਅਹੰਮਤਿ ਦੇ ਅਧੀਨ ਹੋ ਕੇ ਜਿੰਨੇ ਭੀ ਮਨਮਤਿ ਕਰਮਾਂ ਦੇ ਕਰਨ ਦੇ ਯਤਨ ਕੀਤੇ ਜਾਂਦੇ ਹਨ, ਉਹ ਭਵ-ਸਾਗਰ ਵਿਚਿ ਡਬੋ ਲੈ ਜਾਣ ਵਾਲੇ ਹਨ, ਤਾਰਨ ਵਾਲੇ ਨਹੀਂ। ਸੰਸਾਰ ਸਾਗਰ ਤੋਂ ਪਾਰ ਉਤਾਰਨਹਾਰੇ ਨਹੀਂ। ਜਨਮ ਮਰਨ ਵਾਲੇ ਚੁਰਾਸੀ ਦੇ ਗੇੜ ਵਿਚਿ ਪਾਉਣ ਵਾਲੇ ਹਨ। ਬਹੁਤ ਕਰਮ ਧਰਮ ਸੰਜਮ ਆਨਮਤਾਂ ਦੇ ਆਪਣੀ ਮਨ ਦੀ ਮੱਤ ਨਾਲ ਕੀਤੇ ਸਗੋਂ ਹੋਰ ਅਹੰਬੁਧ ਵਧਾਉਂਦੇ ਹਨ, ਹੰਕਾਰ ਨੂੰ ਪੱਠੇ ਪਾਉਂਦੇ ਹਨ। ਅਹੰਕਾਰ ਵਾਲੀ ਬੁਧੀ ਅਤੇ ਅਹੰਬੁਧ-ਮਤੀ ਹੰਕਾਰ ਨਾਲ ਜਲੇ ਸੜੇ ਹੋਏ ਮਨ ਨੂੰ ਹੋਰ ਭੀ ਸਾੜ ਦਿੰਦੀ ਹੈ। ਹੰਕਾਰ ਕਰਕੇ ਜਲੇ ਸੜੇ ਮਨ ਵਾਲੇ ਅਹੰਮਤੀ ਉਸ ਪ੍ਰਤਿਪਾਲਨ-ਹਾਰੇ ਠਾਕੁਰ ਨੂੰ ਉਕਾ ਹੀ ਮਨੋਂ ਵਿਸਾਰ ਦਿੰਦੇ ਹਨ, ਜੋ ਸਭ ਦੇ ਸਾਸਾਂ ਗ੍ਰਾਸਾ ਦਾ ਦਾਤਾ ਹੈ। ਉਸਦੇ ਦਿਤੇ ਹੋਏ ਹੀ ਸਾਸ ਹਨ। ਉਸਦੇ ਦਿਤੇ ਹੋਏ ਹੀ ਅਹਾਰ ਭੋਜਨ ਗ੍ਰਾਸ ਹਨ। ਪ੍ਰੰਤੂ ਆਪਣੀ ਅਹੰਬੁਧ ਦੇ ਭੁਚਲਾਏ ਹੋਏ ਮਨ ਮਤਸਰੀ ਹੰਕਾਰੀ ਪੁਰਸ਼ ਇਸ ਦਾਤਿ ਦਾਤਾਰੀ ਬਾਤ ਨੂੰ ਸਮਝਦੇ ਹੀ ਨਹੀਂ। ਦਾਤੇ ਨੂੰ ਜਾਣਦੇ ਹੀ ਨਹੀਂ। ਉਸ ਨੂੰ ਸਿਮਰਨਾ ਤਾਂ ਕੀ ਸੀ, ਉਸ ਵਲ ਉਕੀ ਰੁਚੀ ਹੀ ਨਹੀਂ ਕਰਦੇ। ਜਿਸਦਾ ਨਤੀਜਾ ਇਹ ਹੈ ਕਿ ਆਪਣੇ ਮਾਨੁਖਾ ਜਨਮ ਨੂੰ, ਜੋ ਹੀਰੇ ਤੇ ਲਾਲਾ ਤੋਂ ਭੀ ਅਮੋਲਕ ਹੈ, ਐਵੇਂ ਭੰਗ ਦੇ ਭਾੜੇ ਕਉਡੀ ਬਦਲੇ ਹੀ ਗੰਵਾ ਦਿੰਦੇ ਹਨ। ਜਿਨ੍ਹਾਂ ਕੰਮਾਂ ਅਤੇ ਕਰਮਾਂ ਵਿਚਿ ਲਗ ਕੇ ਗੰਵਾਉਂਦੇ ਹਨ ਉਹ ਕਉਡੀ ਦੀ ਕੀਮਤ ਦੇ ਨਹੀਂ ਹੁੰਦੇ। ਧਨ ਜੋਬਨ ਦੀ ਤ੍ਰਿਸ਼ਨਾ, ਰਸਾ ਕਸਾਂ ਦੇ ਭੁੰਚਣ ਦੀ ਪਿਆਸ (ਤ੍ਰਿਖਾ) ਅਤੇ ਭੋਗਾਂ ਦੇ ਭੋਗਣ ਦੀ ਭੁਖ ਐਵੇਂ ਭ੍ਰਮਕੇ ਹੀ ਉਹਨਾਂ ਨੂੰ ਲਗੀ ਹੋਈ ਹੈ ਅਤੇ ਲਗੀ ਰਹਿੰਦੀ ਹੈ। ਇਸ ਗੱਲ ਨੂੰ ਉਹਨਾਂ ਨੇ ਕਦੇ ਹਿਰਦੇ ਵਿਚਿ ਗਹੁ ਕਰਕੇ ਵੀਚਾਰਿਆ ਹੀ ਨਹੀਂ। ਐਵੇਂ ਪੜਛਾਵੇਂ ਪਿੱਛੇ ਹੀ ਭਰਮ ਦੇ ਮਾਰੇ ਭਜੇ ਫਿਰਦੇ ਹਨ। ਹਿਰਦੇ ਅੰਦਰ ਜੋ ਤ੍ਰਿਸ਼ਨਾ ਤ੍ਰਿਖਾ ਦੀ ਖੋਹ ਲਗੀ ਹੋਈ ਹੁੰਦੀ ਹੈ, ਉਹ ਖੋਹ ਮਾਇਕ ਪਦਾਰਥਾ ਨੂੰ ਭੁੰਚਿਆਂ ਛਿਨ ਮਾਤਰ ਲਈ, ਛਿਨ-ਭੰਗਰੇ ਚਿਰ ਲਈ ਤਾਂ ਮਿਟ ਜਾਂਦੀ ਹੈ, ਫੇਰ ਓਵੇਂ ਕਿਵੇਂ ਹੀ ਉਹੀ ਖੋਹ ਪੈਣ ਲਗ ਜਾਂਦੀ ਹੈ। ਸਾਰੀ ਉਮਰ ਭੋਜਨ ਭੁੰਚਿਆਂ ਅਤੇ ਰਸਾਂ ਕਸਾਂ ਨੂੰ ਖਾਂਦਿਆਂ ਪੀਂਦਿਆਂ ਅਤੇ ਭੋਗਾਂ ਨੂੰ ਭੋਗਦਿਆਂ ਵਿਹਾ ਗਈ, ਪਰ ਇਹ ਖੋਹ ਨਾ ਮਿਟੀ। ਪਰ ਕਦੇ ਨਾ ਵੀਚਾਰਿਆ ਕਿ ਇਹ ਖੋਹ ਕਿਉਂ ਨਹੀਂ ਮਿਟਦੀ। ਜੇ ਮਿਟਦੀ ਹੈ ਤਾਂ ਜੋ ਜਤਨ ਇਸ ਖੋਹ ਦੇ ਮਿਟਾਉਣ ਲਈ ਕੀਤੇ ਜਾਦੇ ਹਨ, ਸਭ ਨਿਸਫਲ ਹਨ ਅਤੇ ਉਹ ਪਦਾਰਥ ਭੀ ਅਨਿਤ ਹਨ। ਹਕੀਕਤ ਵਿਚਿ ਇਹ ਕੁਦਰਤੀ ਖੋਹ ਨਾਮ ਦੀ ਹੈ। ਨਾਮ ਨੂੰ ਤਾਂ ਜੁਟਦੇ ਨਹੀਂ ਅਤੇ ਭੁੰਚਦੇ ਨਹੀਂ। ਹੋਰ ਹੋਰ ਅਫਰੂ ਦਫਰੂ ਪਦਾਰਥਾਂ ਦੇ ਭੋਗਣ ਭੁੰਚਣ ਹਿਤ ਖੀਨ ਖਰਾਬ ਹੁੰਦੇ ਫਿਰਦੇ ਹਨ। ਅਤੇ ਉਨ੍ਹਾਂ ਪਦਾਰਥਾਂ ਨੂੰ ਇਕੱਠਾ ਕਰਨ ਦੇ ਯਤਨ ਵਿਚਿ ਨਿਹਫਲ ਕਰਮ ਕਰਦੇ ਹਨ ਅਤੇ ਕਰਿ ਕਰਿ

(ਬਾਕੀ ਪੰਨਾ ੬ ਤੇ ...)



www.AKJ.Org

# ਇਕ ਦੀ ਉਪਾਸ਼ਨਾ

(ਵਲੋਂ-ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜ਼ੀ)

ਸੰਸਾਰ ਭਰ ਵਿਚ ਜਿਤਨੇ ਵੀ ਮਤ-ਮਤਾਂਤਰ ਹੋਏ, ਅਥਵਾ ਹੋ ਹੋ ਕੇ ਮੁਕ ਖਲੋਏ ਅਤੇ ਹੁਣ ਅਜ ਦੀ ਘੜੀ ਹੋਣ ਦਾ ਦਾਅਵਾ ਰਖਦੇ ਹਨ, ਸਭ ਦੇ ਸਭ ਆਪੋ ਆਪਣੇ ਥਾਈਂ "ਇਕ ਦੇ ਉਪਾਸ਼ਕ" ਹੋਣ ਦੇ ਦਾਅਵੇਦਾਰ ਬਣੇ ਬੈਠੇ ਹਨ। ਇਸ 'ਇਕ ਦੀ ਉਪਾਸ਼ਨਾ' ਵਲੋਂ ਕੋਈ ਭੀ ਇਕ ਦੂਜੇ ਨਾਲੋਂ ਘਟ ਨਹੀਂ ਸਦਾਉਂਦਾ। ਪਰ ਜਦ ਇਸ 'ਇਕ ਦੀ ਉਪਾਸ਼ਨਾ' ਵਾਲੇ ਅਸਲ ਭਾਵ ਨੂੰ ਦੀਰਘ-ਦ੍ਰਿਸ਼ਟੀ ਨਾਲ ਵਿਚਾਰ ਕੇ ਦੇਖੀਦਾ ਹੈ, ਤਦ ਕੇਵਲ ਗੱਲੀਂ ਬਾਤੀਂ ਹੀ ਘਰ ਪੂਰੇ ਹੁੰਦੇ ਦਿਸਦੇ ਹਨ; ਅਮਲੋਂ ਊਰੇ ਅਤੇ ਫੋਕੇ ਦਾਅਵੇ ਹੀ ਦਾਅਵੇ ਨਿਕਲਦੇ ਹਨ। ਜਿਨ੍ਹਾਂ ਮਤਾਂ ਦੇ ਅਸੂਲ ਅੰਦਰ ਹੀ 'ਇਕ ਦੀ ਉਪਾਸ਼ਨਾ' ਅਸਲੋਂ ਹੈ ਨਹੀਂ, ਉਹ ਤਾਂ ਉੱਕੇ ਹੀ 'ਇਕ ਦੇ ਉਪਾਸ਼ਕ' ਨਹੀਂ ਬਣ ਸਕਦੇ। 'ਇਕ ਦੇ ਉਪਾਸ਼ਕ' ਬਣ ਸਕਨਾ ਤਾਂ ਕਿਤੇ ਰਿਹਾ, ਉਥੇ ਤਾਂ 'ਇਕ ਅਤੇ 'ਅਤੇ ਦੀ ਉਪਾਸ਼ਨਾ' ਦੀ ਸੂਝ ਬੂਝ ਹੀ ਨਹੀਂ ਹੋ ਸਕਦੀ; ਪਰ ਜਿਸ ਮਤਿ ਦੇ ਅੰਦਰ 'ਇਕ ਦੀ ਉਪਾਸਨਾ' ਵਾਲਾ ਅਸੂਲ ਕੁਟ ਕੁਟ ਕੇ ਭਰਿਆ ਹੋਵੇ, ਉਸ ਮਤਿ ਅੰਦਰ ਭੀ ਜੇ ਉਸ ਮਤਿ ਦੇ ਪੈਰੋਕਾਰ, ਅਰਥਾਤ ਓਸ ਮਤਿ ਉਤੇ ਚਲਣ ਦੇ ਦਾਅਵੇਦਾਰ ਇਸ 'ਇਕ ਦੀ ਉਪਾਸ਼ਨਾ' ਵਾਲੇ ਅਸੂਲ ਤੋਂ ਘੁੱਥੇ ਚਲੇ ਜਾਂਦੇ ਹੋਣ ਅਤੇ 'ਇਕ ਦੇ ਉਪਾਸ਼ਕ' ਬਣਨੌਂ ਰਹਿ ਖੜੋਤੇ ਹੋਣ ਤਦ ਦੂਜੇ ਮਤਿ-ਮਤਾਂਤਰਾਂ ਦਾ ਕੀ ਵੱਟੀਦਾ ਹੈ, ਉਨ੍ਹਾਂ ਦੇ ਘੁੱਥ ਜਾਣ ਦਾ ਤਾਂ ਟਿਕਾਣਾ ਹੀ ਕੁਛ ਨਹੀਂ।

ਇਸ ਵਰਤਮਾਨ ਸਮੇਂ ਵਿਚ ਜਿੰਨੇ ਵੀ ਮਤਿ-ਮਤਾਂਤਰ ਹਨ, ਤਿਨ੍ਹਾਂ ਵਿਚੋਂ 'ਇਕ ਦੀ ਉਪਾਸ਼ਨਾ' ਵਿਚ ਮੰਨਿਆ-ਪਰਮੰਨਿਆ ਮਤਿ ਹੈ ਤਾਂ ਕੇਵਲ 'ਗੁਰਮਤਿ' ਹੈ, ਐਥੋਂ ਤੀਕ ਕਿ 'ਇਕ' ਦੀ ਨਿਰੋਲ ਉਪਾਸਨਾ ਜੇ ਹੈ ਤਾਂ ਕੇਵਲ 'ਗੁਰਮਤਿ' ਅੰਦਰ ਹੀ ਹੈ।

ਇਸ ਨਿਰੋਲਤਾ ਦੇ ਕਾਰਨ ਹੀ ਗੁਰਮਤਿ, ਕੇਵਲ ਗੁਰਮਤਿ ਹੀ ਸੱਚਾ ਤੇ ਸਦੀਵੀ ਧਰਮ ਹੈ। ਏਸ ਗੱਲ ਨੂੰ ਅਨਮਤੀਆਂ ਅਤੇ ਗੁਰਮਤਿ ਦੇ ਸ਼ੁਸ਼ਕ ਵਿਸ਼ਵਾਸੀਆਂ ਪ੍ਰਤਿ ਭਲੀ ਪ੍ਰਕਾਰ ਸਿੱਧ ਅਤੇ ਨਿਸਚਤ ਕਰਨ ਲਈ ਕਿ ਕੇਵਲ ਗੁਰਮਤਿ ਹੀ ਸੱਚਾ ਅਤੇ ਸਦੀਵੀ ਧਰਮ ਹੈ, ਗੁਰਮਤਿ ਵਿਹੂਣ ਹੋਰ ਕੋਈ ਭੀ ਮਤਿ ਅਰਥਾਤ ਧਰਮ ਨਹੀਂ ਨਾਮੇ ਲੇਖ ਦੁਆਰਾ ਨਿਰਣਾ ਕੀਤਾ ਜਾ ਸਕਦਾ ਹੈ। ਪਰ ਏਸ ਲੇਖ ਅੰਦਰ ਕੇਵਲ ਇਸ ਗੱਲ ਦਾ ਹੀ ਨਿਰਣਾ ਕਰਨਾ ਹੈ ਕਿ ਜਿਸ ਗੁਰਮਤਿ ਅੰਦਰ 'ਇਕ ਦੀ ਉਪਾਸ਼ਨਾ' ਵਾਲਾ ਅਸੂਲ ਹੋਰ ਸਭਨਾਂ ਅਸੂਲਾਂ ਤੋਂ ਮੁਖ ਅਤੇ ਮੰਨਿਆ-ਦੰਨਿਆ ਅਸੂਲ ਹੈ, ਉਸ ਗੁਰਮਤਿ ਉਤੇ ਚਲਣ ਦੇ ਦਾਅਵੇਦਾਰ ਕਿਥੋ ਕੁ ਤਾਂਈਂ ਇਸ 'ਇਕ ਦੀ ਉਪਾਸ਼ਨਾ' ਵਾਲੇ ਅਸੂਲ ਦੇ ਅਨੁਸਾਰੀ ਹਨ। ਅਸਾਡੇ ਸਿਖ ਮਤਿ ਦੇ ਅਨੇਕਾਂ ਉਪਦੇਸ਼ਕ ਲੋਕਾਂ ਪ੍ਰਤੀ 'ਇਕ ਦੀ ਉਪਾਸ਼ਨਾ' ਦ੍ਰਿੜ੍ਹਾਉਣ ਹਿਤ **"ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ।। ਏਕੋ ਸਿਮਰੋ ਨਾਨਕਾ ਜਲਿ ਥਲਿ ਰਹਿਆ ਸਮਾਇ"** ਵਾਲੀ ਗੁਰਦੀਖਿਆ ਨੂੰ ਉਚੀ ਉਚੀ ਪੁਕਾਰਦੇ ਸੁਣੀਂਦੇ ਹਨ, ਪਰ ਅਜ ਤਾਈਂ 'ਇਕ ਦੀ ਉਪਾਸ਼ਨਾ' ਦੇ ਅਸੂਲ ਤੇ ਚਲਣਾ ਤਾਂ ਕਿਤੇ ਰਿਹਾ, ਆਮ ਤੌਰ ਤੇ 'ਇਕ ਦੀ ਉਪਾਸ਼ਨਾ' ਵਾਲੀ ਸੂਝ ਬੂਝ ਹੀ ਨਹੀਂ ਆਈ ਦਿਸਦੀ।

ਉਪਦੇਸ਼ ਦੇ ਅਜ ਕਲ੍ਹ ਦੇ ਰਿਵਾਜੀ ਮੰਡਲਾਂ ਅੰਦਰ ਇਸ 'ਇਕ ਦੀ ਉਪਾਸ਼ਨਾ' ਦੇ ਅਰਥ ਕੇਵਲ ਇਹੋ ਹੀ ਲਾਏ ਤੇ ਦ੍ਰਿੜਾਏ ਜਾਂਦੇ ਹਨ ਕਿ 'ਇਕ ਅਕਾਲ ਪੁਰਖ' ਤੋਂ ਛੁਟ ਹੋਰ ਦੇਵੀ ਦੇਵਤਿਆਂ ਆਦਿ ਦੀ ਉਪਾਸ਼ਨਾ ਨਾ ਕਰਨਾ, ਬਸ ਇਹ 'ਇਕ ਦੀ ਉਪਾਸਨਾ ਹੈ' ਹੈ।

'ਇਕ ਦੀ ਉਪਾਸ਼ਨਾ' ਦੀ ਏਸੇ ਵਿਆਖਿਆ ਨੂੰ ਮੁਖ ਰਖ ਕੇ ਜਦੋਂ ਦਾ ਸਿੰਘ ਸਭਾ ਦਾ ਪਰਚਾਰ ਹੋਣ ਲਗਾ ਹੈ, ਦੇਵੀ ਦੇਵਤਿਆਂ ਦਾ ਖੰਡਨ ਦਬਾ ਦਬ ਦੀਵਾਨਾ ਵਿਚ ਹੁੰਦਾ ਚਲਾ ਆ ਰਿਹਾ ਹੈ। ਐਥੇ ਤਾਂਈਂ ਕਿ ਦੇਵੀ ਦੇਵਤਿਆ ਦਾ ਖੰਡਨ ਕਰਨਾ ਅਤੇ ਹੁੰਦੇ ਸੁਣਨਾ ਹੀ 'ਇਕ ਦੀ ਉਪਾਸ਼ਨਾ' ਵਿਚ ਤਤਪਰ ਹੋਣਾ ਸਮਝਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ 'ਇਕ ਦੀ ਉਪਾਸ਼ਨਾ' ਦਾ ਜੋ ਪਰਚਾਰ ਹੋਇਆ, ਉਹ ਕੇਵਲ ਏਥੇ ਤਕ ਹੀ ਹੋਇਆ ਕਿ ਦੇਵੀ ਦੇਵਤਿਆਂ ਦੀ ਮਨੌਤੀ ਹਟ ਗਈ। ਸਿੰਘ ਸਭਾ ਦੇ ਪਰਚਾਰ ਦੀ ਇਹ ਕਾਮਯਾਬੀ ਭੀ ਧੰਨਤਾ ਯੋਗ ਹੈ, ਪਰ ਖਿਮਾ ਕਰਨਾ, ਇਕ ਦੀ ਉਪਾਸ਼ਨਾ' ਦੇ ਅਸੂਲ ਦੇ ਅਸਲ ਸਰੂਪ ਦੇ ਸਾਹਮਣੇ ਇਹ ਕਾਮਯਾਬੀ ਐਵੇਂ ਚਿਤ-ਪਰਚਾਵਨਾ ਹੀ ਹੈ। ਦੁਹਾਈ ਦੇ ਕੇ ਕਹਿਣਾ ਪੈਂਦਾ ਹੈ ਕਿ 'ਇਕ ਦੀ ਉਪਾਸ਼ਨਾ' ਅਜੇ ਤੀਕ ਦ੍ਰਿੜ੍ਹ ਨਹੀਂ ਹੋਈ। ਦ੍ਰਿੜ੍ਹ ਹੋਣਾ ਤਾਂ ਦੂਰ ਰਿਹਾ, ਅਜੇ ਤਾਈਂ ਏਸ 'ਇਕ ਦੀ ਉਪਾਸ਼ਨਾ' ਦੇ ਅਸਲ ਸਰੂਪ ਦਾ ਅਨੁਮਾਨ ਮਾਤ੍ਰ ਭੀ ਨਹੀਂ ਹੋਇਆ। ਬਸ । "ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ" ਵਾਲੇ ਗੁਰਵਾਕ ਦੇ ਆਗਿਆਕਾਰ ਅਸੀਂ ਦੇਵੀ ਦੇਵਤਿਆ ਦੇ ਨਾ ਮੰਨਣ ਵਿਚ ਹੀ ਬਣ ਬੈਠੇ, ਅਤੇ ਏਸ ਮਨ-ਮੰਨੀ ਆਗਿਆਕਾਰੀ ਦੇ ਤਾਣ ਖਰੇ ਖਾਸੇ 'ਇਕ ਦੀ ਉਪਾਸ਼ਨਾ' ਦੇ ਅਨੁਸਾਰੀ ਆਪਣੇ ਆਪ ਨੂੰ ਸਦਾਉਣ ਲਗ ਪਏ। ਪਰ ਇਹ ਬੜੀ ਹੀ ਅਧੋਗਤੀ ਵਾਲੀ ਗੱਲ ਹੈ ਕਿ ਜਦ 'ਇਕ' ਦੇ ਸਰੂਪ ਤੋਂ ਹੀ ਅਸੀਂ ਘੁੱਥੇ ਹੋਏ ਹਾਂ ਤਾਂ 'ਇਕ' ਦੀ ਉਪਾਸ਼ਨਾ



www.AKJ.Org

ਕਿਥੇ ? ਮੰਨਿਆ ਕਿ 'ਇਕ ਦੀ ਉਪਾਸ਼ਨਾ' ਤੋਂ ਖੁੰਝਾਉਣ ਤੇ ਭੁਲਾਉਣ ਵਾਲੀ ਉਪਾਸ਼ਨਾ 'ਦੂਜੇ ਭਾਵ ਦੀ ਉਪਾਸ਼ਨਾ' ਹੈ, ਪਰ ਕੀ ਇਹ ਦੂਜੇ ਭਾਵ ਦੀ ਉਪਾਸ਼ਨਾ ਦੇਵੀ ਦੇਵਤਿਆਂ ਦੇ ਨਾ ਮੰਨਣ ਵਿਚ ਹੀ ਮੁਕ ਖਲੋਤੀ ? ਕਦਾਚਿਤ ਨਹੀਂ ; ਸਗੋਂ ਦੂਣੀ ਚਉਣੀ ਚਿੰਬੜੀ ਹੋਈ ਹੈ। ਦੇਵੀ ਦੇਵਤਿਆਂ ਦੇ ਨਾ ਮੰਨਣ ਵਾਲੇ ਹੋਣ ਤੇ ਅਸੀਂ ਦੂਜੇ ਭਾਵ ਦੀ ਉਪਾਸ਼ਨਾ ਦੇ ਖ਼ਤਰੇ ਤੋਂ ਅਵੇਸਲੇ ਹੋ ਗਏ ਅਤੇ ਏਸ ਅਵੇਸਲੇ-ਪਣ ਵਿਚ ਅਸਲ ਉਪਾਸ਼ਨਾ 'ਇਕ ਦੀ ਉਪਾਸ਼ਨਾ' ਤੋਂ ਕੋਰੇ ਰਖਣ ਵਾਲੀਆਂ ਹੋਰ ਬਲਾਵਾਂ ਸਾਨੂੰ ਕੇਵਲ ਏਸ ਕਮਅਕਲੀ ਦੇ ਕਾਰਨ-ਕਿ ਦੂਜੇ ਭਾਵ ਦੀ ਉਪਾਸ਼ਨਾ ਅਸੀਂ ਦੇਵੀ ਦੇਵਤਿਆਂ ਦੇ ਮੰਨਣ ਵਿਚ ਹੀ ਸਮਝ ਬੈਠੇ ਸੀ- ਪ੍ਰਤੀਤ ਮਾਤਰ ਭੀ ਨਹੀਂ ਹੋ ਰਹੀ।

'ਇਕ ਅਕਾਲ ਪੁਰਖ' ਦੀ ਉਪਾਸ਼ਨਾ ਤੋਂ ਛੁਟ ਹੋਰ ਜਿਤਨੀ ਭੀ ਉਪਾਸ਼ਨਾ ਹੈ, ਸਭ ਦੂਜੇ ਭਾਵ ਦੀ ਉਪਾਸ਼ਨਾ ਹੈ। ਉਪਾਸ਼ਨਾ ਦਾ ਅਰਥ ਆਮ ਤੌਰ ਤੇ ਪੂਜਣਾ ਸਮਝਿਆ ਗਿਆ ਹੈ. *ਗੁਰਮਤਿ ਅੰਦਰ 'ਇਕੋ ਅਕਾਲ ਪੁਰਖ' ਦੇ ਪਰਾਇਣ ਹੀ ਹਰਦਮ ਚਿੱਤ ਬਿਰਤੀ ਦਾ ਹੋਣਾ 'ਇਕ' ਦੀ ਉਪਾਸ਼ਨਾ ਹੈ। ਇਸ ਬਿਰਤੀ ਤੋਂ ਉਪਰਾਮ ਹੋਣਾ, ਅਰਥਾਤ ਇਕ 'ਅਕਾਲ ਪੁਰਖ' ਨੂੰ ਛਡ ਕੇ ਚਿਤ ਬਿਰਤੀ ਦਾ ਦੂਜੇ ਪਾਸੇ ਲਗਣਾ ਇਹ ਗੁਰਮਤਿ ਅਨੁਸਾਰ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਪੂਜਾ ਹੈ।* ਦੇਵੀ ਦੇਵਤਿਆਂ ਦੀ ਪੂਜਾ ਤੋਂ ਹਟਾਉਣ ਦਾ ਭਾਵ ਕੇਵਲ ਇਹੋ ਸੀ ਕਿ ਬਿਰਤੀ ਚੱਤੋ-ਪਹਿਰ ਏਧਰ ਖੱਚਤ ਰਹਿਣ ਕਰਕੇ 'ਅਕਾਲ ਪੁਰਖ' ਵਲ ਆਉਣੋਂ ਹੀ ਰਹਿ ਖੜੋਤੀ ਸੀ ਅਤੇ 'ਇਕ ਅਕਾਲ ਪੁਰਖ' ਤੋਂ ਛੁਟ ਦੂਤੀ ਵਸਤ ਵਲ ਲਗ ਰਹੀ ਸੀ। ਪਰ ਜੇਕਰ ਬਿਰਤੀਆਂ ਦੇਵੀ ਦੇਵਤਿਆਂ ਵਲੋਂ ਤਾਂ ਛੁੜਕ ਖਲੋਤੀਆਂ ਹਨ ਤੇ ਅਕਾਲ ਪੁਰਖ ਵਲ ਅਜੇ ਵੀ ਨਹੀਂ ਲਗੀਆਂ ਤਾਂ ਇਉਂ ਜਾਣੋ ਕਿ ਇਕ ਬਲਾ ਦੇ ਹੱਥੋਂ ਛੁਟ ਕੇ ਦੂਜੀ ਡਾਇਣ ਦੇ ਫੰਧੇ ਵਿਚ ਫਸ ਗਈਆਂ ਹਨ। ਜਦ ਤਕ ਬਿਰਤੀ ਕਿਸੇ ਨਾ ਕਿਸੇ ਫਾਹੀ ਵਿਚ ਫਸੀ ਹੋਈ ਹੈ ਅਤੇ ਇਕ ਅਕਾਲ ਪੁਰਖ ਵਲ ਨਹੀਂ ਲਗੀ ਤਦ ਤਕ ਦੂਜੇ ਭਾਵ ਦੀ ਉਪਾਸ਼ਨਾ ਨਹੀਂ ਮੁਕੀ, ਅਤੇ ਇਕ ਦੀ ਉਪਾਸ਼ਨਾ ਵਾਲੀ ਦਸ਼ਾ ਪ੍ਰਾਪਤ ਨਹੀਂ ਹੋਈ। ਇਕ ਦੀ ਉਪਾਸ਼ਨਾ ਦਾ ਤਤ ਸਰੂਪ ਗੁਰਮਤਿ ਇਸ ਬਿਧ ਸੂਚਨਾ ਕਰਾਉਂਦੀ ਹੈ-

**ਏਕੋ** ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥ ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥ ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥ ਅਨਿਕ ਬਿਸਥਾਰ ਏਕ ਤੇ ਭਏ॥ ਏਕੁ ਅਰਾਧਿ ਪਰਾਛਤ ਗਏ॥ ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥ ਗੁਰਪ੍ਰਸਾਦਿ ਨਾਨਕ ਇਕੁ ਜਾਤਾ॥

(ਗਉੜੀ ਸੁਖਮਨੀ ਮ: ੫,ਪੰਨਾ ੨੮੯)

ਏਹ 'ਇਕ' ਦੀ ਉਪਾਸ਼ਨਾ ਦਾ ਸਚਾ ਸਰੂਪ ਹੈ। 'ਇਕ ਦੀ ਉਪਾਸ਼ਨਾ' ਦੇ ਸਰੂਪ ਤੋਂ ਬਿਰਤੀ ਦਾ ਉਰੇ ਤੇ ਊਣੇ ਹੋਣਾ ਹੀ ਦੂਜੇ ਭਾਵ ਦੀ ਉਪਾਸ਼ਨਾ ਵਿਚ ਪਰਵਿਰਤ ਹੋਣਾ ਹੈ, ਜੋ ਨਿਰੀ ਬੁੱਤ-ਪ੍ਰਸਤੀ (ਮੂਰਤੀ-ਪੂਜਾ) ਹੈ। ਜੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਅਵੇਸਲੇ ਹੋ ਗਏ ਤਾ ਕੀ ਹੋਇਆ? ਜਦ ਕਿ ਮਾਇਆ ਰੂਪੀ ਡਾਇਣ ਅਤੇ ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਅਤੇ ਪੰਜ ਵਿਕਰਮਾਂ ਰੂਪੀ ਦੈਂਤਾਂ ਅਗੇ ਮੂਜ਼ੂ ਬਣੇ ਖੜੇ ਰਹੇ। ਜਿਸ ਦੇਵੀ ਦੇਵਤੇ ਦਾ ਵਜੂਦ ਹੀ ਕਿਸੇ ਨਹੀਂ ਦੇਖਿਆ, ਜੇ ਉਸ ਫ਼ਰਜ਼ੀ ਹਊਏ ਤੋਂ ਮਨ ਹਟਕ ਖੜੋਤਾ ਹੈ ਤਾਂ ਕੋਈ ਦੂਤੀਏ ਭਾਵ ਦੀ ਉਪਾਸ਼ਨਾ ਮੁਕ ਠੁਕ ਨਹੀਂ ਗਈ, ਐਵੇਂ ਫ਼ਰਜ਼ਾ ਫ਼ਰਜ਼ੀ ਹੀ ਹੈ, ਪਰ ਜਿਹੜੀਆਂ ਅਫ਼ਾਤਾਂ ਪਰਤੱਖ ਤੌਰ ਪਰ ਮਨ ਨੂੰ ਫਾਹੀ ਬੈਠੀਆ ਹਨ ਤਿਨ੍ਹਾਂ ਤੋਂ ਛੁਟਣ ਦਾ ਕੋਈ ਹੀਲਾ ਨਹੀਂ, ਮਾਨੋ ਕਿ 'ਇਕ ਦੀ ਉਪਾਸ਼ਨਾ' ਵਿਚ ਉਹ ਬਿਆਨ-ਕਾਰੀ ਹੀ ਪਰਤੀਤ ਨਹੀਂ ਹੁੰਦੀਆਂ। ਜਿਸ ਨਾਗਨੀ ਤੋਂ ਗੁਰੂ ਮਹਾਰਾਜ ਸਰਬ ਸੰਸਾਰੀਆਂ ਦਾ ਛੁਟਕਾਰਾ ਕਰਾਇਆ ਲੋੜਦੇ ਹਨ, ਓਸੇ ਬਲਾ ਦੇ ਸ਼ਿਕਾਰ ਅਜੇ ਉਹ ਸਜਣ ਇਕ ਦੂੰ ਵਾਡਿਓ ਹੋ ਰਹੇ ਹਨ, ਜਿਨ੍ਹਾਂ ਨੂੰ ਕਿ ਗੁਰਸਿਖ ਦੀ ਹੈਸੀਅਤ ਵਿਚ 'ਇਕ ਦੀ ਉਪਾਸ਼ਨਾ' ਸਦਾਵਣ ਦਾ ਦਾਅਵਾ ਹੈ ; ਗੁਰੂ ਮਹਾਰਾਜ ਤਾਂ ਦਸ ਰਹੇ ਹਨ-

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥

(ਗੂਜਰੀ ਕੀ ਵਾਰ, ਮ:੩, ਪੰਨਾ ੫੧੦)

ਪਰ ਸ਼ੋਕ ਕਿ 'ਇਕ ਦੀ ਸੇਵਾ' ਦੇ ਦਾਅਵੇਦਾਰ ਉਲਟੇ ਮਾਇਆ ਦੀ ਸੇਵਾ ਵਿਚ ਲਥ ਪਥ ਹੋਣ। ਕੀ ਮਾਇਆ ਦੇ ਸੇਵਣਹਾਰਿਆਂ ਉਤੇ 'ਇਕ ਦੇ ਉਪਾਸ਼ਕ ਹੋਣ' ਵਾਲਾ ਪਦ ਘਟ ਸਕਦਾ ਹੈ ? ਕਦੇ ਨਹੀਂ । ਸਗੋਂ ਮਾਇਆ-ਪ੍ਰਸਤ ਪੱਕੇ ਬੁੱਤ-ਪ੍ਰਸਤ ਹਨ, ਵਾਹਿਦ-ਪ੍ਰਸਤ ਨਹੀਂ।

ਇਸ ਬੁੱਤ-ਪ੍ਰਸਤੀ ਦਾ ਸਰੂਪ ਇਕ ਨਹੀਂ, ਅਨੇਕ ਹਨ ; ਪਰ ਸਮੁੱਚੀ ਬੁੱਤ-ਪ੍ਰਸਤੀ ਦਾ ਨਿਰਨਾ ਗੁਰੂ ਮਹਾਰਾਜ ਇਸ ਬਿਧ ਉਘੇੜ ਕੇ ਦਸਦੇ ਹਨ-

ਇਹੁ ਮਿਰਤਕੁ ਮੜਾ ਸਰੀਰੁ ਹੈ, ਸਭੁ ਜਗੁ,
ਜਿਤੁ ਰਾਮਨਾਮੁ ਨਹੀ ਵਸਿਆ॥

(ਬਸੰਤ ਮ: ੪, ਪੰਨਾ ੧੧੯੧)

ਜਿਥੇ 'ਏਕੋ ਜਪਿ' ਵਾਲੀ ਉਪਾਸ਼ਨਾ ਸੱਚੀ ਵਾਹਿਦ-



www.AKJ.Org

ਪ੍ਰਸਤੀ ਹੈ, ਓਥੇ ਇਸ 'ਏਕੋ ਜਪਿ' ਵਾਲੇ ਭਾਵ ਦੇ ਵਿਰਦ ਤੋਂ ਕੋਰਾਪਣ।

ਸਾ ਰਸਨਾ ਜਲਿ ਜਾਉ,ਜਿਨਿ ਹਰਿ ਕਾ ਸੁਆਉ ਨ ਪਾਇਆ॥
ਨਾਨਕ ਰਸਨਾ ਸਬਦਿ ਰਸਾਇ, ਜਿਨਿ ਹਰਿ ਹਰਿ ਮੰਨਿ ਵਸਾਇਆ॥੧॥

(ਬਿਹਾਗੜੇ ਕੀ ਵਾਰ, ਸਲੋਕ ਮ: ੩,ਪੰਨਾ ੫੫੦)

ਵਾਲੇ ਗੁਰਵਾਕ ਅਨੁਸਾਰ ਵਿਚਾਰ ਲਵੋ ਕਿ ਕਿਤਨੀ ਕੁ ਧ੍ਰਿਗਾਕਾਰ ਕਰਾਉਣ ਵਾਲਾ ਕਸੌਦਾ ਹੈ। ਰਸਨਾ ਕਰਕੇ 'ਇਕ' ਨੂੰ ਵਿਚਾਰਨਾ ਅਤੇ ਰਸਨਾ ਕਰਕੇ 'ਇਕ' ਨੂੰ ਚਿਤਾਰਨਾ ਹੀ ਜਦ ਗੁਰਮਤਿ ਅੰਦਰ ਡਿੱਗ ਖਲੋਣਾ ਤੇ ਵਾਹਿਦ-ਪ੍ਰਸਤੀ ਵਿਚ ਤਤਪਰ ਹੋਣਾ ਹੈ, ਯਥਾ ਗੁਰਵਾਕ-

"ਸਾ ਰਸਨਾ ਜਲਿ ਜਾਉ, ਜਿਨਿ ਹਰਿ ਕਾ ਨਾਉ ਵਿਸਾਰਿਆ॥
ਨਾਨਕ ਗੁਰਮੁਖਿ ਰਸਨਾ ਹਰਿ ਜਪੈ, ਹਰਿਕੈ ਨਾਇ ਪਿਆਰਿਆ॥ (ਪੰਨਾ ੫੫੦)

ਤਦ ਅਨੁਮਾਨ ਕਰ ਲੈਣਾ ਲੋੜੀਦਾ ਹੈ ਕਿ ਨਾਮ ਤੋਂ ਘੁਥ ਕੇ, ਅਹਿਨਿਸ ਧੰਧੇ ਧਾਵਨੀਆਂ ਵਿਚ ਲਥ ਪਥ ਹੋਣਾ 'ਇਕ ਦੀ ਉਪਾਸ਼ਨਾ' ਵਾਲੀ ਵਾਟ ਤੋਂ ਕਿਤਨੀ ਕੁ ਵਿਥ ਪਰੇਡੇ ਡਿੱਗਣਾ ਹੈ। ਨਾਮ ਨੂੰ ਵਿਸਾਰਨਹਾਰੇ ਜਿਤਨੇ ਮਾਇਆ ਦੇ ਧੰਧ ਬੰਧ ਹਨ, ਸਭ ਦੂਜੇ ਭਾਵ ਦੀ ਉਪਾਸ਼ਨਾ ਅਤੇ ਮੜ੍ਹਾ-ਪ੍ਰਸਤੀ ਹੈ। ਜੈਸੇ ਕਿ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ-

'ਜਗਤੁ ਅਗਿਆਨੀ ਅੰਧੁ ਹੈ, ਦੂਜੈ ਭਾਇ ਕਰਮ ਕਮਾਇ॥
ਦੂਜੈ ਭਾਇ ਜੇਤੇ ਕਰਮ ਕਰੇ, ਦੁਖੁ ਲਗੈ ਤਨਿ ਧਾਇ॥

(ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੯੩)

ਨਾਲ ਲਗਦੇ ਹੀ ਏਨ੍ਹਾਂ ਧੰਧ-ਬੰਧ ਦੇ ਦੁਖਦਾਈ ਦੁਹਿਕਰਮਾਂ ਤੋਂ ਹਟਾਵਣ ਹਿਤ "ਇਕ" ਦੀ ਉਪਾਸ਼ਨਾ ਗੁਰੂ ਮਹਾਰਾਜ ਇਸ ਤਰ੍ਹਾਂ ਦ੍ਰਿੜਾਉਂਦੇ ਹਨ-

"ਗੁਰ ਪਰਸਾਦੀ ਸੁਖੁ ਊਪਜੈ, ਜਾ ਗੁਰ ਕਾ ਸਬਦੁ ਕਮਾਇ॥
ਸਚੀ ਬਾਣੀ ਕਰਮ ਕਰੇ, ਅਨਦਿਨੁ ਨਾਮੁ ਧਿਆਇ॥
(ਪੰਨਾ ੫੯੩)

ਜਦ ਤਾਈ ਕਿ ਮਨ ਮਾਇਆ ਦੀਆਂ ਅਨੇਕ ਪ੍ਰਕਾਰ ਦੀਆ ਲਹਿਰਾ ਵਿਚ ਗੋਤੇ ਖਾ ਰਿਹਾ ਹੈ ਅਤੇ 'ਇਕ' ਵਲ ਨਹੀਂ ਆਉਂਦਾ, ਉਦੋਂ ਤਕ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਬੁਤ-ਪ੍ਰਸਤੀ ਦੇ ਹੜ੍ਹ ਵਿਚ ਹੀ ਰੁੜ੍ਹਿਆ ਜਾਂਦਾ ਸਮਝਿਆ ਜਾਣਾ ਚਾਹੀਦਾ ਹੈ। ਅਸੀਂ ਗੁਰੂ ਦੇ ਸਿੱਖ ਦੀ ਹੈਸੀਅਤ ਵਿਚ 'ਇਕ' ਦੇ ਉਪਾਸ਼ਕ ਸਦਾਵਣਹਾਰੇ ਕਦਾਚਿਤ ਬੁਤ-ਪ੍ਰਸਤੀ ਦੇ ਕਲੰਕ ਤੋਂ ਨਹੀਂ ਬਚ ਸਕਦੇ ਜਦ ਤਾਈਂ ਕਿ ਅਸੀਂ ਮਾਇਆ ਦੇ ਅਡੰਬਰਾਂ ਵਿਚ ਰਚੇ ਪਚੇ ਤੇ ਮੋਹ ਮਮਤਾ ਵਿਚ ਗ੍ਰਸਤ ਹੋਏ 'ਇਕ' ਦੇ ਸਰੂਪ ਤੋਂ ਕੋਰੇ ਅਗਿਆਤ ਫਿਰਦੇ ਹਾਂ। ਜੇ ਕੰਚਨ ਨਾਰੀ ਸਿਉ ਜੀਉ ਲੁਭਾਇਮਾਨ ਹੈ ਤਦ ਭੀ ਬੁਤ-ਪ੍ਰਸਤ। ਜੇ ਸੁਤ ਮੀਤ ਕੁਟੰਬ ਦੇ ਫੇੜਿਆਂ ਵਿਚ ਫਾਥੇ ਹੋਏ ਹਨ ਤਦ ਭੀ ਬੁਤ-ਪ੍ਰਸਤ। ਸੋਭਾ ਅਤੇ ਵਡਿਆਈ ਦੇ ਪਾਤਰ ਬਣਨ ਹਿਤ ਧਰਮ ਦੀ ਆੜ ਲੈਂਦੇ ਹੋਏ, ਪ੍ਰਪੰਚ ਅਖਾੜੇ ਰਚਦੇ ਹਨ, ਤਦ ਭੀ ਬੁਤ-ਪ੍ਰਸਤ। ਗੱਲ ਕੀ, ਮਾਇਆ ਨਾਲ ਮਨੂਰ ਹੋਏ ਮਨ ਨੂੰ ਮਾਇਆ ਦਾ ਰੂਪ ਹੀ ਸਮਝੋ। ਉਥੇ 'ਇਕ' ਦੀ ਆਸ ਕਿਥੇ ? ਉਥੇ ਤਾਂ ਬਸ ਮਾਇਆ ਹੀ ਮਾਇਆ। ਅਠੋਂ ਪਹਿਰ ਮਾਇਆ ਦੀਆਂ ਹੀ ਚਿਤਵਣੀਆਂ, ਮਾਇਆ ਦੀਆਂ ਸੋਚਾਂ, ਮਾਇਆ ਦੀਆਂ ਹੀ ਗੱਲਾਂ ਅਤੇ ਮਾਇਆ ਦੀਆਂ ਹੀ ਧਾਵਨੀਆਂ ਰਹਿੰਦੀਆਂ ਹਨ। ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਨੂੰ ਗੁਰੂ ਸਾਹਿਬ ਇਸ ਬਿਧ ਤ੍ਰਿਸਕਾਰ ਕੇ ਮਾਇਆ-ਗ੍ਰਸਤ ਜੀਵਾਂ ਦੀ ਮਾਇਆ ਵਲੋਂ ਉਪਰਾਮਤਾ ਕਰਾਇਆ ਚਾਹੁੰਦੇ ਹਨ; ਯਥਾ ਗੁਰਵਾਕ -

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ॥ ਸੁਣਿ ਬਾਵਰੇ ਨੇਹੁ ਕੂੜਾ ਲਾਇਓ, ਕੁਸੰਭ ਰੰਗਾਨਾ॥ ਕੂੜੀ ਡੇਖਿ ਭੂਲੋ, ਅਢੁ ਲਹੈ ਨ ਮੁਲੋ,ਗੋਵਿਦ ਨਾਮੁ ਮਜੀਠਾ॥ ਥੀਵਹਿ ਲਾਲਾ ਅਤਿ ਗੁਲਾਲਾ, ਸਬਦੁ ਚੀਨਿ ਗੁਰ ਮੀਠਾ॥ ਮਿਥਿਆ ਮੋਹਿ ਮਗਨੁ ਥੀ ਰਹਿਆ, ਝੂਠ ਸੰਗਿ ਲਪਟਾਨਾ॥ ਨਾਨਕ ਦੀਨ ਸਰਣਿ ਕਿਰਪਾ ਨਿਧਿ, ਰਾਖੁ ਲਾਜ ਭਗਤਾਨਾ॥੧॥

(ਸੂਹੀ ਛੰਤ ਮ: ੫, ਪੰਨਾ ੭੭੭)

ਇਕ ਦੀ ਉਪਾਸ਼ਨਾ ਦਾ ਅਟੱਲ ਹੁਕਮ ਦਿੰਦੇ ਹੋਏ ਗੁਰੂ ਸਾਹਿਬ ਦੁਤੀ ਉਪਾਸ਼ਨਾ ਦਾ ਅਭਾਵ, ਨਾਲ ਹੀ ਨਾਲ ਫੇਰ ਇਸ ਬਿਧ ਕਰਾਉਂਦੇ ਹਨ-

ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ॥ਸੁਣਿ ਬਾਵਰੇ ਜੋ ਆਇਆ ਤਿਸੁ ਜਾਣਾ॥ਨਿਹਚਲੁ ਹਭ ਵੈਸੀ ਸੁਣਿ ਪਰਦੇਸੀ ਸੰਤ ਸੰਗਿ ਮਿਲਿ ਰਹੀਐ॥ਹਰਿ ਪਾਈਐ ਭਾਗੀ ਸੁਣਿ ਬੈਰਾਗੀ, ਚਰਣ ਪ੍ਰਭੂ ਗਹਿ ਰਹੀਐ॥ ਏਹੁ ਮਨੁ ਦੀਜੈ ਸੰਕ ਨ ਕੀਜੈ, ਗੁਰਮੁਖਿ ਤਜਿ ਬਹੁ ਮਾਣਾ॥ਨਾਨਕ ਦੀਨ ਭਗਤ ਭਵ ਤਾਰਣ, ਤੇਰੇ ਕਿਆ ਗੁਣ ਆਖਿ ਵਖਾਣਾ॥੨॥

(ਪੰਨਾ ੭੭੭)

ਇਸ ਦੇ ਅਗਲੇਰੇ ਨਾਲ ਲਗਦੇ ਗੁਰ ਪਰਮਾਣ ਅੰਦਰ ਮਾਯਾਵੀ ਮਾਣ ਵਾਲੀ ਦੁਤੀ ਉਪਾਸ਼ਨਾ ਦਾ ਅਭਾਵ ਹੀ 'ਇਕ' ਦੀ ਉਪਾਸ਼ਨਾ ਨੂੰ ਦ੍ਰਿੜ੍ਹ ਕਰਾਉਣ ਹਿਤ ਕਰਾਉਂਦੇ ਹਨ। ਯਥਾ:-

ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ॥
ਸੁਣਿ ਬਾਵਰੇ ਹਭੁ ਵੈਸੀ ਗਰਬੁ ਗੁਮਾਨੋ॥
ਨਿਹਚਲੁ ਹਭ ਜਾਣਾ ਮਿਥਿਆ ਮਾਣਾ, ਸੰਤ ਪ੍ਰਭੂ ਹੋਇ ਦਾਸਾ॥
ਜੀਵਤ ਮਰੀਐ ਭਉਜਲੁ ਤਰੀਐ, ਜੇ ਥੀਵੈ ਕਰਮਿ ਲਿਖਿਆਸਾ॥

ਗੁਰੁ ਸੇਵੀਜੈ ਅੰਮ੍ਰਿਤੁ ਪੀਜੈ, ਜਿਸੁ ਲਾਵਹਿ ਸਹਜਿ ਧਿਆਨੋ॥ ਨਾਨਕੁ ਸਰਣਿ ਪਇਆ ਹਰਿ ਦੁਆਰੈ, ਹਉ ਬਲਿ ਬਲਿ ਸਦ ਕੁਰਬਾਨੋ॥੩॥ (ਪੰਨਾ ੭੭੭)

ਅਸਲ ਗੱਲ ਇਹ ਹੈ ਕਿ ਕੂੜਾਵੀ ਮਾਣ-ਮਹੱਤਤਾ ਵਾਲੀ ਚਾਰ ਦਿਹਾੜੇ ਦੀ ਸੋਭਾ ਉਨ੍ਹਾਂ ਦੇ ਚਿੱਤਾਂ ਤੇ ਹੀ ਪਰਬਲ ਹੈ ਜਿਨ੍ਹਾਂ ਦੇ ਰਿਦੰਤਰ 'ਇਕ' ਦੀ ਉਪਾਸ਼ਨਾ ਦੀ ਸਚੀ ਸਿਕ ਨਹੀਂ ਉਪਜਦੀ। ਇਸ ਸੱਚੀ ਸਿੱਕ ਤੋਂ ਊਣੇ ਝੂਣੇ ਲੋਕ, ਦੂਜੇ ਭਾਵ ਦੇ ਵਹਿਣ ਵਿਚ ਰੁੜ੍ਹੇ ਚਲੇ ਜਾ ਰਹੇ ਹਨ। ਅਤੇ ਠਲ੍ਹ ਕਿਤੇ ਭੀ ਨਹੀਂ ਪੈਂਦੀ। ਆਮ ਲੋਕ ਰੁੜ੍ਹਨ ਤਾਂ ਪਏ ਰੁੜ੍ਹਨ ਕਿਉਂਕਿ-

ਕਬੀਰ ਨਿਗੁਸਾਏਂ ਬਹਿ ਗਏ ਥਾਂਘੀ ਨਾਹੀ ਕੋਇ॥ (ਪੰਨਾ ੧੩੬੭)

ਗੁਰਵਾਕ ਅਨੁਸਾਰ ਨਿਖਸਮਿਆਂ ਨੂੰ ਤਾਂ ਥਾਂਘੀ ਨਹੀਂ ਮਿਲਿਆ, ਪਰ ਜਿਨ੍ਹਾਂ ਦਾ ''ਇਸ਼ਟ ਦੇਵ'' 'ਇਕ' ਦੇ ਸਾਂਗੋ ਪਾਂਗ ਦਿਖਾਵਣਹਾਰਾ, 'ਇਕ' ਦੀ ਉਪਾਸ਼ਨਾ ਨੂੰ ਦ੍ਰਿੜ੍ਹਵਣਹਾਰਾ, ਦੁਤੀ ਉਪਾਸ਼ਨਾ ਦਾ ਖੁਰਾ ਖੋਜ ਮਿਟਾਵਣਹਾਰਾ ਸੱਚਾ ਗੁਰੂ 'ਗੁਰੂ ਨਾਨਕ ਦੇਵੱ' ਹੋਵੇ, ਜੇ ਉਹ ਭੀ ਕਿਸੇ ਵਹਿਣ ਵਿਚ ਰੁੜ੍ਹੇ ਚਲੇ ਜਾਣ ਤਦ ਸਮਝ ਲਉ ਕਿ ਉਹ ਗੁਰਮਤਿ ਦੇ 'ਇਕ' ਦੀ ਉਪਾਸ਼ਨਾ ਵਾਲੇ ਅਸੂਲ ਦੀ ਹਾਨੀ ਕਰਾਵਣਹਾਰੇ ਹਨ। ਅਤੇ ਗੁਰਮਤਿ ਨੂੰ ਮਨਮਤਿ ਵਿਚ ਖਿਚੀ ਲਈ ਜਾਂਦੇ ਹਨ। ਅਸੀਂ ਗੁਰੂ ਦੇ ਸਿਖ ਸਦਾਵਣ-ਹਾਰਿਆਂ ਦੀ ਵਰਤਮਾਨ ਨਿਘਰਦੀ ਜਾਂਦੀ ਦਸ਼ਾ ਨੂੰ ਉਘੇੜਨ ਦੇ ਖਲਜਗਣ ਵਿਚ ਪੈਣਾ ਮੁਨਾਸਿਬ ਨਹੀਂ ਸਮਝਦੇ, ਏਥੇ ਕੇਵਲ ਏਤਨਾ ਹਲੂਣਾ ਦੇਣਾ ਹੀ ਯੋਗ ਹੈ ਕਿ ਆਪੋ ਆਪਣੀਆਂ ਬੁਕਲਾਂ ਵਿਚ ਮੂੰਹ ਪਾ ਕੇ ਅਸਾਡੇ ਪੰਥ ਦੇ ਭੂਸ਼ਨਾਂ ਨੂੰ ਅਤੇ ਪੰਥ-ਆਗੂਆਂ ਤੇ ਸਿਖ ਸਜਣਾਂ ਨੂੰ ਭਲੀ ਪਰਕਾਰ ਦੇਖ ਲੈਣਾ ਚਾਹੀਦਾ ਹੈ ਕਿ ਅਸੀਂ 'ਇਕ' ਦੀ ਉਪਾਸ਼ਨਾ ਵਾਲੇ ਅਸੂਲ ਉਤੇ ਕਿਥੇ ਤਾਈਂ ਚਲ ਰਹੇ ਹਾਂ ਅਤੇ ਕਿੰਨੇ ਕੁ ਇਸ ਅਸੂਲ ਤੋਂ ਔਝੜੇ ਪਏ ਫਿਘਰ ਰਹੇ ਹਾਂ (ਪੁਸਤਕ 'ਗੁਰਮਤਿ ਲੇਖ' ਵਿਚੋਂ)

■ ■ ■ ■ ■

(ਪੰਨਾ ੨ ਦਾ ਬਾਕੀ...)ਅਰਥ ਵਿਆਖਿਆ

ਯਤਨ ਵਿਚਿ ਨਿਹਫਲ ਕਰਮ ਕਰਦੇ ਹਨ ਅਤੇ ਕਰਿ ਕਰਿ ਖੱਜਲ ਹੁੰਦੇ ਹਨ। ਉਹਨਾਂ ਦੀ ਮਨ ਦੀ ਮਤ ਨੇ ਉਹਨਾ ਨੂੰ ਇਹੀ ਮਤਸਰਾ ਛਡਿਆ ਹੈ ਕਿ ਮਾਨੁਖਾ ਜਨਮ ਇਹਨਾ ਅਨਿਸਥਿਰ ਪਦਾਰਥਾਂ ਲਈ ਹੀ ਮਿਲਿਆ ਹੈ। ਉਹਨਾਂ ਦੀ ਅਲਪੱਗ ਮਤਿ ਬੁਧੀ ਦ੍ਰਿਸ਼ਟਮਾਨ ਪਦਾਰਥਾਂ ਨੂੰ ਹੀ ਅਸਥਿਰ ਸਮਝਦੀ ਹੈ ਅਤੇ ਸੱਚ ਕਰ ਕੇ ਜਾਣਦੀ ਹੈ, ਅਦ੍ਰਿਸ਼ਟ ਪਦਾਰਥ ਵਲ ਉਹਨਾਂ ਦੀ ਕਿਵੇਂ ਰੁਚੀ ਆਵੇ। ਮਨਮਤ ਨੂੰ ਛੱਡਣ ਤੇ ਗੁਰਮਤਿ ਗ੍ਰਹਿਣ ਕਰਨ ਤਾਂ ਸੁਮੱਤੀ ਆਵੇ। ਅਦ੍ਰਿਸ਼ਟ ਪਦਾਰਥ ਨਾਮ ਨੂੰ ਗ੍ਰਹਿਣ ਕਰਨ ਲਈ ਉਹਨਾ ਦੀ ਅਹੰਬੁਧਿ ਅਤੇ ਮਨ ਦੀ ਮਤਿ ਏਸ ਪਦਾਰਥ ਦੇ ਪਾਸੇ ਵਲ ਪੈਂਦੀ ਹੀ ਨਹੀਂ, ਮਾਨ ਹੰਕਾਰ ਦੇ ਪਾਗਲਪੁਣੇ ਵਿਚਿ ਗੁਮਰਾਹ ਹੋਇਆਂ ਨੇ ਗੁਰਾਂ ਦੇ ਉਪਦੇਸ਼ ਨੂੰ, ਗੁਰ ਦੀਖਿਆ ਨੂੰ ਕਦੇ ਹਿਰਦੇ ਵਿਚਿ ਨਹੀਂ ਧਾਰਿਆ। ਸੁਆਦਾਂ ਵਿਚਿ ਲੁਭਾਇਮਾਨ ਹੋਏ ਜੀਵਾਂ ਨੂੰ ਇੰਦਰੀ ਨੇ ਵਿਸ਼ੇ-ਰਸਾਂ ਵਲ ਪ੍ਰੇਰ ਕੇ ਖੱਚਤ ਕਰਿ ਛਡਿਆ ਹੈ। ਇਸ ਕਰਕੇ ਉਹ ਵਿਕਾਰਾਂ ਦੇ ਮਦ ਵਿਚਿ ਮਤੇ ਹੋਏ ਹਰ ਦੰਮ ਮਦਹੋਸ਼ ਹੀ ਰਹਿੰਦੇ ਹਨ। ਉਹਨਾ ਨੂੰ ਪਰਮਾਰਥ ਦੇ ਪਾਸੇ ਵਲ ਪਰਤਣ ਦੀ ਹੋਸ਼ ਹੀ ਨਹੀਂ ਆਉਂਦੀ। ਜਿਨ੍ਹਾਂ ਦੇ ਭਾਗਾਂ ਵਿਚਿ ਸ੍ਰੇਸ਼ਟ ਕਰਮ ਲਿਖੇ ਹਨ ਉਹ ਖੋਟੇ ਕਰਮਾਂ ਤੋਂ ਹਟ ਕੇ ਗੁਰੂ ਘਰ ਦੇ ਸੰਤ ਜਨਾਂ ਦੀ ਸੰਗਤਿ ਵਿਚਿ ਆਉਂਦੇ ਹਨ। ਅਤੇ ਗੁਰਮੁਖਾਂ ਸੰਤ ਜਨਾ ਦੀ ਸੰਗਤਿ ਕਰ ਕੇ ਸੁਖੈਨ ਹੀ ਐਉਂ ਤਰ ਜਾਂਦੇ ਹਨ ਜਿਵੇਂ ਕਾਠ ਨਾਲ ਲੋਹਾ ਤਰ ਜਾਂਦਾ ਹੈ। ਜੋਨੀਆਂ ਵਿਚਿ ਧਾਵੰਦਿਆਂ ਅਤੇ ਜਨਮਾਂ ਵਿਚਿ ਭਰਮਦਿਆਂ ਭਰਮਦਿਆਂ ਥਕ ਕੇ ਹਾਰਿਆਂ ਅਤੇ ਦੁਖ ਪਾਉਂਦਿਆ ਜੇ ਭਾਗਾਂ ਕਰਕੇ ਸੱਚੇ ਸਤਿਗੁਰੂ ਦੀ ਸ਼ਰਣ ਅਤੇ ਸੰਗਤ ਪ੍ਰਾਪਤਿ ਹੋ ਜਾਵੇ ਤਾਂ ਸਤਿਗੁਰੂ ਨੂੰ ਭੇਟਣ ਕਰਕੇ ਅਤੇ ਗੁਰੂ ਘਰ ਦੀ ਸੰਗਤ ਨੂੰ ਮਿਲਣ ਕਰਕੇ ਉਸਦਾ ਨਿਸਤਾਰਾ ਹੁੰਦਾ ਹੈ, ਨਹੀਂ ਤਾਂ ਮਤਸਰੀ ਕਰਮਾਂ ਦੇ ਕਰਨ ਕਰਿ ਚੁਰਾਸੀ ਦੇ ਗੇੜ ਵਿਚਿ ਕੋਹਲੂ ਦੇ ਬਲਦ ਵਾਗੂੰ ਭਉਂਦਾ ਫਿਰਦਾ ਰਹਿੰਦਾ ਹੈ।

## 'ਯਾਰੜੇ ਦਾ ਹੋਲੜਾ ਅਨੰਦਪੁਰ ਮਨਾਈਏ ਚਲ'

(ਗਿ: ਗੋਪਾਲ ਸਿੰਘ ਜੀ 'ਮਿਤਰ')

ਗੁਰਸਿਖਾ ਤਿਆਰ ਹੋ ਕੇ ਕਰ ਲੈ ਕਮਰਕਸੇ, ਪਾਇ ਕੇ ਵਹੀਰ ਅਗੇ ਕਦਮ ਵਧਾਈਏ ਚਲ ।
ਲਗੇ ਜਿਥੇ ਜਿਥੇ ਪਾਵਨ ਚਰਨ ਕਲਗੀ ਵਾਲੜੇ ਦੇ ਚੁੰਮ ਚੁੰਮ ਖ਼ਾਕ ਮਥੇ ਉਤੇ ਲਾਂਦੇ ਜਾਈਏ ਚਲ ।
ਹੋ ਰਿਹੈ ਇੱਕਠ ਸੋਹਣੀ ਪਿਆਰ ਭਰੀ ਧਰਤ ਉਤੇ, ਦੀਦਾਰ ਪੰਥ ਖ਼ਾਲਸੇ ਦਾ ਸੋਹਣਾ ਰਜ ਪਾਈਏ ਚਲ ।
ਰਿਦੇ ਲੈ ਉਮਾਹ ਉਤਸ਼ਾਹ, ਸੰਗਤਾਂ ਆਉਣਾ ਏ, ਹੋ ਸਕੇ ਤੇ ਕਾਰ-ਸੇਵਾ ਹਥੀ ਕੁਝ ਕਮਾਈਏ ਚਲ ।
ਅੰਮ੍ਰਿਤ ਦੀ ਦਾਤ ਦੇ ਕੇ ਨੀਚਹੁੰ ਊਚ ਕਰਨ ਵਾਲੇ, ਸੁਲਤਾਨ ਦਾ ਅਸਥਾਨ ਪਰਸ ਆਈਏ ਚਲ ।
ਦਿਸੇਗਾ ਉਹ ਆਪ ਸੋਹਣਾ ਪੰਥ ਰੂਪ ਵਿਚ 'ਮਿਤਰ' ਯਾਰੜੇ ਦਾ ਹੋਲੜਾ ਅਨੰਦਪੁਰ ਮਨਾਈਏ ਚਲ ।

## ਹੋਲੀ ਤੋਂ ਹੋਲਾ ਮਹੱਲਾ

(ਵਲੋਂ ਗਿਆਨੀ ਦੀਦਾਰ ਸਿੰਘ ਜੀ, ਰੋਪੜ)

ਕਈ ਹੋਰ ਮੌਸਮੀ ਤਿਉਹਾਰਾਂ ਦੀ ਤਰ੍ਹਾਂ ਹੋਲੀ ਵੀ ਇਕ ਮੌਸਮੀ ਤਿਉਹਾਰ ਹੈ, ਪਰ ਬਾਅਦ ਵਿਚ ਇਸ ਨਾਲ ਪ੍ਰਹਿਲਾਦ ਭਗਤ ਦੀ ਭੂਆ 'ਢੂੰਡਾਂ' ਦੀ ਕਹਾਣੀ ਵੀ ਜੋੜੀ ਗਈ। ਕਹਾਣੀ ਇਸ ਤਰ੍ਹਾਂ ਹੈ-

ਹਰਨਾਕਸ਼ ਨੇ ਤਪ ਕਰ ਕੇ ਇਹ ਵਰ ਲਿਆ ਸੀ ਕਿ ਮੈਂ ਨਾ ਅੰਦਰ ਮਰਾਂ ਨਾ ਬਾਹਰ, ਨਾ ਰਾਤ ਨੂੰ ਮਰਾਂ ਨਾ ਦਿਨ ਨੂੰ, ਨਾ ਕਿਸੇ ਪਸ਼ੂ ਕੋਲੋਂ ਮੇਰੀ ਮੌਤ ਹੋਵੇ ਨਾ ਕਿਸੇ ਮਨੁਖ ਤੋਂ .... ਆਦਿ।

ਇਹੋ ਜਿਹਾ ਵਰ ਪ੍ਰਾਪਤ ਕਰਨ ਮਗਰੋਂ ਰਾਜੇ ਹਰਨਾਕਸ਼ ਨੂੰ ਹੰਕਾਰ ਹੋ ਗਿਆ। ਮਰਨ ਦਾ ਡਰ ਉਸਨੂੰ ਨਾ ਰਿਹਾ, ਜਿਸ ਕਰਕੇ ਉਹ ਮਨ-ਆਈਆਂ ਕਰਨ ਲਗ ਪਿਆ। ਉਹ ਲੋਕਾਂ ਨੂੰ ਪ੍ਰਭੂ-ਭਗਤੀ ਤੋਂ ਹਟਾ ਕੇ ਆਪਣਾ ਨਾਮ ਜਪਾਉਣ ਲਗ੍ਹ ਪਿਆ-

ਰੱਬ ਦੀ ਕਰਨੀ ਵੇਖੋ। ਹਰਨਾਕਸ਼ ਦੇ ਘਰ ਪ੍ਰਹਿਲਾਦ ਭਗਤ ਪੈਦਾ ਹੋ ਗਿਆ। ਜਦ ਉਹ ਸਕੂਲ ਜਾਣ ਲਗਾ ਤਾਂ ਬਾਕੀ ਵਿਦਿਆਰਥੀਆਂ ਦੀ ਤਰ੍ਹਾਂ ਉਸ ਨੂੰ ਵੀ ਹਰਨਾਕਸ਼ ਦੀ ਉਪਾਸ਼ਨਾ ਕਰਨ ਲਈ ਮਜਬੂਰ ਕੀਤਾ ਜਾਣ ਲਗਾ। ਪਰ ਪ੍ਰਹਿਲਾਦ ਨੇ ਇਨਕਾਰ ਕਰ ਦਿਤਾ, ਕਿਉਂਕਿ ਉਸ ਨੂੰ ਸਰਬ-ਵਿਆਪਕ ਪ੍ਰਭੂ ਦੀ ਹੋਂਦ ਦਾ ਪਰਤੱਖ ਝਲਕਾਰਾ ਪੈ ਚੁਕਾ ਸੀ। ਉਸ ਦੇ ਦੋਹਾਂ ਅਧਿਆਪਕਾਂ ਸੰਡਾ ਅਤੇ ਅਮਰਕ ਨੇ ਰਾਜੇ ਅਗੇ ਸ਼ਿਕਾਇਤ ਕੀਤੀ ਕਿ ਪ੍ਰਹਿਲਾਦ ਆਖੇ ਨਹੀਂ ਲਗਦਾ। ਉਹ ਜਿਥੇ ਆਪ ਰਾਮ ਦਾ ਨਾਂ ਜਪਦਾ ਹੈ ਉਥੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਆਪਣੇ ਮਗਰ ਲਾ ਲੈਂਦਾ ਹੈ। ਇਸੇ ਤਰ੍ਹਾਂ ਦੂਜੇ ਵਿਦਿਆਰਥੀਆਂ ਨੂੰ ਵਿਗਾੜ ਰਿਹਾ ਹੈ। ਜਿਵੇਂ ਲਿਖਿਆ ਵੀ ਹੈ :-

ਰਾਮੁ ਕਹੈ ਕਰ ਤਾਲ ਬਜਾਵੈ,ਚਟੀਆ ਸਭੈ ਬਿਗਾਰੇ॥

ਰਾਜੇ-ਰਾਣੀ ਤੇ ਹੋਰ ਅਮੀਰ ਵਜ਼ੀਰਾਂ ਨੇ ਬੜੇ ਯਤਨ ਕੀਤੇ, ਪਰ ਪ੍ਰਹਿਲਾਦ ਜੀ ਆਪਣੇ ਇਰਾਦੇ ਦੇ ਪੱਕੇ ਰਹੇ ਤੇ ਕਹਿੰਦੇ ਹਨ :-

ਇਕੁ ਰਾਮੁ ਨ ਛੋਡਉ ਗੁਰਹਿ ਗਾਰਿ॥

ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥

ਜਦ- ਭਗਤ ਜੀ ਕਿਸੇ ਤਰ੍ਹਾਂ ਵੀ ਨਾ ਮੰਨੇ ਤਾ ਉਨ੍ਹਾ ਨੂੰ ਬਹੁਤ ਦੁਖ ਦਿਤੇ ਗਏ। ਭਾ: ਗੁਰਦਾਸ ਜੀ ਦੇ ਕਥਨ ਅਨੁਸਾਰ :-

ਜਲ ਅਗਨੀ ਵਿਚ ਘਤਿਆ,ਜਲੇ ਨ ਡੁਬੇ ਗੁਰ ਪ੍ਰਸਾਦਿ॥

ਭਾਵ- ਭਗਤ ਜੀ ਨੂੰ ਪਾਣੀ ਵਿਚ ਡੋਬਿਆ ਗਿਆ, ਅੱਗ ਵਿਚ ਸਾੜਨ ਦਾ ਯਤਨ ਕੀਤਾ ਗਿਆ। ਪਹਾੜ ਤੋਂ ਡੇਗ ਕੇ ਮਾਰ ਦੇਣ ਦਾ ਯਤਨ ਕੀਤਾ ਗਿਆ। ਪਰ ਜਿਸ ਨੂੰ ਪ੍ਰਭੂ ਆਪ ਰਖਣ ਵਾਲਾ ਹੋਵੇ ਉਸ ਨੂੰ ਕੌਣ ਮਾਰ ਸਕਦਾ ਹੈ ?

ਰਾਜਾ ਹਰਨਾਕਸ਼ ਦੀ ਭੈਣ ਦਾ ਨਾਂ ਢੂੰਡਾਂ ਸੀ। ਉਸ ਨੇ ਤਪ ਕਰਕੇ ਸ਼ਿਵ ਜੀ ਤੋਂ ਅੱਗ ਵਿਚ ਨਾ ਸੜਨ ਦਾ ਵਰ ਲਿਆ ਹੋਇਆ ਸੀ। ਉਹ ਆਪਣੇ ਭਰਾ ਦੇ ਕਹਿਣ ਉਤੇ ਆਪਣੇ ਭਤੀਜੇ ਪ੍ਰਹਿਲਾਦ ਨੂੰ ਸਾੜਨ ਲਈ ਉਸ ਨੂੰ ਲੈ ਕੇ ਅੱਗ ਵਿਚ ਬੈਠ ਗਈ, ਪਰ ਰੱਬ ਦੀ ਕੁਦਰਤ ਵੇਖੋ। ਪ੍ਰਭੂ ਦੀ ਭਗਤੀ ਕਰਨ ਵਾਲਾ ਪ੍ਰਹਿਲਾਦ ਤਾ ਬਚ ਗਿਆ, ਪਰ ਸ਼ਿਵ (ਦੇਵਤੇ) ਦੀ ਭਗਤੀ ਕਰਨ ਵਾਲੀ ਢੂੰਡਾਂ ਸੜ ਗਈ।

*ਚਾਹੀਦਾ ਤਾਂ ਇਹ ਸੀ ਕਿ ਇਸ ਹੋਲੀ ਵਾਲੇ ਦਿਨ ਇਕ ਪ੍ਰਭੂ ਦੀ ਭਗਤੀ ਦਾ ਮਹਾਨਤਾ ਦਰਸਾਈ ਜਾਂਦੀ ਜਾਂ ਭਗਤ ਪ੍ਰਹਿਲਾਦ ਦੇ ਸਿਦਕ ਤੇ ਭਰੋਸੇ ਦਾ ਪ੍ਰਚਾਰ ਹੁੰਦਾ, ਪਰ ਹੋ ਗਿਆ ਇਸਦੇ ਉਲਟਾ ਲੋਕਾਂ ਨੇ ਪ੍ਰਭੂ ਦੇ ਨਾਮ ਦੇ ਰੰਗ ਤੇ ਉਸਦੀ ਖੁਸ਼ਬੋ ਦੀ ਥਾਂ ਗੰਦ ਘੋਲਣ ਅਤੇ ਗੰਦ ਬਕਣ ਨੂੰ ਹੀ ਹੋਲੀ ਸਮਝ ਲਿਆ*

ਦਰ-ਅਸਲ ਜਦ ਭਾਰਤ ਵਾਸੀਆਂ ਵਿਚ ਗਿਰਾਵਟ ਆ ਗਈ ਤਾਂ ਇਨ੍ਹਾਂ ਦੇ ਤਿਉਹਾਰ ਵੀ ਵਿਗੜ ਗਏ। ਅਤਰ-ਫੁਲੇਲ ਦੀ ਥਾਂ ਚਿਕੜ ਤੇ ਗੰਦ ਨੇ ਲੈ ਲਈ। ਫੁੱਲਾਂ ਦੀ ਵਰਖਾ ਦੀ ਥਾਂ ਮਿੱਟੀ ਤੇ ਗੋਬਰ ਸੁਟਿਆ ਜਾਣ ਲਗ ਪਿਆ। ਕੇਸਰ ਦੇ ਟਿਕਿਆਂ ਦੀ ਥਾਂ ਇਕ ਦੂਜੇ ਦੇ ਮੂੰਹ ਕਾਲੇ ਹੋਣ ਲਗ ਪਏ। ਜਿਥੇ ਅਗੇ ਇਨ੍ਹਾਂ ਦਿਨਾਂ ਵਿਚ ਵਿਛੜੇ ਸਜਨ ਮਿਲਦੇ ਹੁੰਦੇ ਸਨ ਅਤੇ ਵਿਛੜੇ ਹੋਇਆਂ ਦਾ ਮਿਲਾਪ ਕਰਾਇਆ ਜਾਂਦਾ ਸੀ, ਉਥੇ ਇਨ੍ਹਾਂ ਦਿਨਾਂ ਵਿਚ ਇਕ ਦੂਜੇ ਨਾਲ ਜ਼ਿਆਦਤੀ ਕਰ ਕੇ, ਝਗੜੇ ਖੜੇ ਹੋਣ ਲਗ ਪਏ। ਫਸਾਦ ਤੇ ਨਫ਼ਰਤ ਪੈਦਾ ਹੋਣੀ ਸ਼ੁਰੂ ਹੋ ਗਈ।

ਸਾਡੇ ਗੁਰੂ ਸਾਹਿਬਾਂ ਨੇ ਜਿਥੇ ਸਾਡੇ ਵਹਿਮ-ਭਰਮ, ਪਾਖੰਡ ਤੇ ਅਗਿਆਨਤਾ ਨੂੰ ਦੂਰ ਕਰਨ ਲਈ ਗਲਤ ਰਸਮਾਂ-ਰਿਵਾਜਾਂ ਵਿਰੁਧ ਪ੍ਰਚਾਰ ਕੀਤਾ ਉਥੇ ਉਨ੍ਹਾਂ ਨੇ ਸਾਨੂੰ ਨਵੇਂ ਤੇ ਠੀਕ ਤਰੀਕੇ ਨਾਲ ਤਿਉਹਾਰ ਮਨਾਉਣ ਦੀ ਜਾਚ ਵੀ ਦੱਸੀ। ਪੰਜਵੇ ਗੁਰੂ ਸਾਹਿਬ ਨੇ ਹੋਲੀ ਬਾਰੇ ਲਿਖਿਆ ਹੈ :- ਹੋਲੀ ਕੀਨੀ ਸੰਤ ਸੇਵ......।

ਭਾਵ-ਅਸਲ ਹੋਲੀ ਤਾਂ ਸੰਤਾਂ ਦੀ ਸੇਵਾ ਕਰਨੀ ਹੈ। ਸੇਵਾ ਲਈ ਜ਼ਰੂਰੀ ਹੈ ਕਿ ਸਰੀਰ ਤਕੜਾ ਤੇ ਨਰੋਆ ਹੋਵੇ। ਤਕੜਾ ਹੋਣ ਲਈ ਜਿਥੇ ਕਸਰਤ ਜ਼ਰੂਰੀ ਹੈ ਉਥੇ ਮਾੜੀਆਂ ਗੱਲਾ ਦਾ ਤਿਆਗ ਵੀ ਜ਼ਰੂਰੀ ਹੈ।

### ਹੋਲੀ ਤੋਂ ਹੋਲਾ ਮਹੱਲਾ-

''ਹੋਲਾ ਮਹੱਲਾ' ਅਰਬੀ ਫ਼ਾਰਸੀ ਦੇ ਲਫਜ਼ ਹਨ। ਜਿਨ੍ਹਾ ਦਾ


www.AKJ.Org

ਅਰਥ ਹੈ "ਹਮਲਾ ਅਤੇ ਹਮਲੇ ਵਾਲੀ ਥਾਂ।

ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਨੇ ਜਿਥੇ ਸਾਡੀ ਸ਼ਕਲ-ਸੂਰਤ ਬਦਲੀ, ਸਾਡਾ ਰਹਿਣ-ਸਹਿਣ ਬਦਲਿਆ, ਸਾਡੇ ਸੋਚਣ-ਢੰਗ ਬਦਲੇ, ਉਥੇ ਸਾਡੇ ਤਿਉਹਾਰ ਵੀ ਬਦਲ ਦਿੱਤੇ।

ਹੋਲੀ ਉਤੇ ਸਿਰ ਮੂੰਹ ਕਾਲੇ ਹੋਣ ਦੀ ਥਾਂ ਸਿਰਾਂ ਉਤੇ ਰੰਗ ਬਰੰਗੀਆਂ ਦਸਤਾਰਾਂ ਤੇ ਦੁਮਾਲਿਆਂ ਦੇ ਮੁਕਾਬਲੇ ਹੋਣ ਲਗ ਪਏ। ਇਕ ਦੂਜੇ ਮਗਰ ਦੌੜ ਕੇ ਰੰਗ ਤੇ ਗੋਬਰ ਸੁਟਣ ਦੀ ਜਗ੍ਹਾ ਘੋੜ-ਦੌੜਾਂ ਦੇ ਮੁਕਾਬਲੇ ਨੇ ਲੈ ਲਈ, ਨੇਜੇ ਬਾਜ਼ੀ, ਕੁਸ਼ਤੀਆਂ ਤੇ ਖੇਡਾਂ ਨੇ ਲੈ ਲਈ। ਸਰੀਰ ਤਕੜੇ ਹੋਣ ਲਗ ਪਏ। ਹੋਲੀਆਂ ਦੇ ਆਖ਼ਰੀ ਦਿਨ "ਹੋਲਾ ਮਹੱਲਾ' ਨਿਕਲਣ ਲਗ ਪਿਆ। ਅਨੰਦਪੁਰ ਦਾ ਕਿਲ੍ਹਾ 'ਹੋਲ ਗੜ੍ਹ' ਇਸ ਦਿਨ ਦੀ ਯਾਦ ਹੁਣ ਵੀ ਦਿਵਾਉਂਦਾ ਹੈ ਕਿ ਇਸ ਥਾਂ ਮਹਾਰਾਜ ਨੇ ਪਹਿਲੀ ਵਾਰ ਸੰਮਤ ੧੭੫੭ ਚੇਤ ਵਦੀ ਇਕ ਨੂੰ ਖ਼ਾਲਸੇ ਦਾ ਪਹਿਲਾ ਮਹੱਲਾ ਕੱਢਿਆ ਸੀ।

ਮਹਾਰਾਜ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿਚ ਨਿਪੁੰਨ ਕਰਨ ਲਈ ਦੋ ਫੌਜਾਂ ਬਣਾ ਕੇ, ਚੰਗੇ ਸਿਆਣੇ ਮੁਖੀ ਸਿੰਘਾਂ ਦੀ ਨਿਗਰਾਨੀ ਹੇਠ ਇਕ ਥਾਂ ਤੇ ਹਮਲਾ ਕਰਾਉਂਦੇ ਬਨਾਵਟੀ ਲੜਾਈ ਲੜੀ ਜਾਂਦੀ। ਦੋਹਾਂ ਪਾਸਿਆਂ ਦੀਆਂ ਫੌਜਾਂ ਨੂੰ ਸ਼ੁਭ ਸਿਖਿਆ ਦੇ ਕੇ ਉਨ੍ਹਾਂ ਦੀ ਹੌਸਲਾ-ਅਫ਼ਜਾਈ ਲਈ ਦੀਵਾਨਾਂ ਵਿਚ ਉਨ੍ਹਾਂ ਨੂੰ ਸਿਰੋਪਾ ਬਖਸ਼ੇ ਜਾਂਦੇ।

ਅਜ ਕਲ੍ਹ ਵੀ ਹੋਲੇ ਦਿਨ ਪੰਜ ਪਿਆਰੇ ਕਿਲ੍ਹਾ ਅਨੰਦ-ਗੜ੍ਹ ਤੋਂ ਅਰਦਾਸਾ ਕਰ ਕੇ, ਨਿਸ਼ਾਨ ਸਾਹਿਬ ਲੈ ਕੇ ਮਹੱਲੇ (ਜਲੂਸ) ਦੀ ਸ਼ਕਲ ਵਿਚ ਚੜ੍ਹਦੇ ਹਨ। ਉਨ੍ਹਾਂ ਨਾਲ ਤਰਨਾ ਦਲ ਤੇ ਬੁਢਾ ਦਲ ਦੇ ਨਿਹੰਗ ਸਿੰਘ ਘੋੜਿਆਂ ਤੇ ਉਠਾਂ ਉਤੇ ਸਵਾਰ, ਨਗਾਰੇ ਵਜਾਂਦੇ, ਜੈਕਾਰੇ ਗਜਾਂਦੇ, ਗੁਲਾਲ ਛਿੜਕਦੇ ਇਕ ਅਨੋਖੇ ਉਤਸ਼ਾਹ ਨਾਲ ਦੌੜਦੇ ਉਛਲਦੇ ਨਿਕਲਦੇ ਹਨ। ਨਗਾਰਿਆਂ ਤੇ ਬੈਂਡ ਵਾਜਿਆਂ ਦੀਆਂ ਭਾਂਤ ਭਾਂਤ ਦੀਆਂ ਸੁਰਾਂ ਤੇ ਅਵਾਜ਼ਾਂ ਸਮੇਤ 'ਹੋਲ-ਗੜ੍ਹ' ਕਿਲ੍ਹੇ ਤੋਂ ਹੁੰਦੇ 'ਚਰਨ ਗੰਗਾ' ਦੇ ਰੇਤਲੇ ਮੈਦਾਨ ਵਿਚ ਪੁਜਦੇ ਹਨ। ਉਥੇ ਨੇਜ਼ਾ-ਬਾਜ਼ੀ, ਘੋੜ-ਦੌੜ, ਗਤਕਾ ਤੇ ਹੋਰ ਸ਼ਸਤਰਾਂ ਦੇ ਅਨੇਕ ਕਰਤਬ ਦਿਖਾਏ ਜਾਂਦੇ ਹਨ।

ਸ਼ਾਮ ਨੂੰ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਪੁਜੇ ਹੋਲੇ ਮਹੱਲੇ ਦੀ ਸਮਾਪਤੀ ਦਾ ਅਰਦਾਸਾ ਹੁੰਦਾ ਹੈ।

ਹੋਲਾ ਮਨਾਉਣ ਵਾਲਿਓ ਗੁਰੂ ਕੇ ਸਿੰਘੋ । ਸੁਣੋ ।

ਮੁਸਲਮਾਨਾਂ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਸਭ ਤੋਂ ਜ਼ਿਆਦਾ ਪਿਆਰੇ (ਨੇੜੇ ਰਹਿਣ ਵਾਲੇ ਭਗਤ) ਚਾਰ ਸਨ। ਉਨ੍ਹਾਂ ਨੂੰ ਚਾਰ ਸੇਵਕ ਜਾਂ ਚਾਰ ਯਾਰ ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਹਨੂਮਾਨ ਜੀ, ਸ੍ਰੀ ਰਾਮ ਚੰਦਰ ਜੀ ਦੇ ਸਭ ਤੋਂ ਵਧ ਨੇੜਤਾ ਰਖਣ ਵਾਲੇ ਸੇਵਕ (ਭਗਤ) ਸਨ। ਉਨ੍ਹਾਂ ਨੇ ਇਕ ਵਾਰ ਆਪਣੀ ਛਾਤੀ ਚੀਰ ਕੇ ਦਸਿਆ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਰੋਮ ਰੋਮ ਵਿਚ 'ਰਾਮ' ਰਚਿਆ ਹੋਇਆ ਹੈ। ਪਰ ਹਜ਼ਰਤ ਤੇ ਰਾਮ ਜੀ ਦੇ ਸੇਵਕ ਸਾਰੀ ਉਮਰ ਸੇਵਕ ਹੀ ਰਹੇ। ਉਹ ਆਪਣੇ ਅਵਤਾਰ ਜਾਂ ਪੈਗ਼ੰਬਰ (ਪ੍ਰਭੂ) ਦੇ ਬਰਾਬਰ ਨਹੀਂ ਹੋ ਸਕੇ।

ਪਰ ਇਧਰ ਦੇਖੋ, ਆਪਣੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲ। ਜਿਨ੍ਹਾਂ ਨੇ ਆਪਣੇ ਸਿਖਾਂ ਨੂੰ ਆਪਣੇ ਵਰਗੀ ਸ਼ਕਲ-ਸੂਰਤ ਦਿਤੀ, ਆਪਣੇ ਵਰਗੇ ਗੁਣ ਆਪਣੇ ਸਿਖਾਂ ਵਿਚ ਭਰੇ, ਆਪਣੀ ਸਾਂਝ ਸਿਖਾਂ ਨਾਲ ਪੱਕੀ ਕਰਨ ਲਈ ਆਪਣੇ ਨਾਂ ਨਾਲ 'ਸਿੰਘ' ਲਾਇਆ ਤੇ ਆਪਣੇ ਸਿਖਾਂ ਦੇ ਨਾਵਾਂ ਨਾਲ ਵੀ 'ਸਿੰਘ' ਸ਼ਬਦ ਲਾਇਆ। ਆਪ ਗੁਰੂ ਹੁੰਦੇ ਹੋਏ ਸਿਖਾਂ ਨੂੰ (ਪੰਜਾਂ ਪਿਆਰਿਆਂ ਨੂੰ) ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਨੂੰ ਹੀ ਗੁਰੂ ਦੀ ਕਲਾ ਦੇ ਕੇ ਆਪ ਉਨ੍ਹਾਂ ਕੋਲੋਂ ਸਿਖਾਂ ਵਾਂਗ ਅੰਮ੍ਰਿਤ ਛਕਿਆ। ਅਤੇ ਖ਼ਾਲਸੇ ਨੂੰ 'ਗੁਰੂ ਖ਼ਾਲਸਾ' ਕਿਹਾ। ਇਸੇ ਕਰਕੇ ਲਿਖਿਆ ਹੋਇਆ ਹੈ :-

ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ॥

ਗੁਰੂ ਰੂਪ ਖ਼ਾਲਸਾ ਜੀ । ਅਜ ਧਿਆਨ ਮਾਰੋ, ਆਪਣੇ ਆਲੇ-ਦੁਆਲੇ ਦੇਖੋ, ਆਪਣੇ ਘਰਾਂ ਵਿਚ ਵੇਖੋ ਕਿ ਸਾਡੀ ਸ਼ਕਲ-ਸੂਰਤ ਕੀ ਉਹੋ ਜਿਹੀ ਹੈ ਜਿਹੋ ਜਿਹੀ ਗੁਰੂ ਮਹਾਰਾਜ ਨੇ ਸਾਡੀ ਸ਼ਕਲ ਆਪਣੇ ਵਰਗੀ ਬਣਾਈ ਸੀ ?

ਕੀ ਸਾਡੀ ਰਹਿਣੀ ਬਹਿਣੀ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਮਹਾਰਾਜ ਨੇ ਸਾਨੂੰ ਰਹਿਣੀ ਬਹਿਣੀ ਦਸੀ ਸੀ ?

ਸਾਡੀ ਅੰਦਰਲੀ ਰਹਿਣੀ-ਬਹਿਣੀ (ਰਹਿਤ) ਬਾਰੇ ਤਾਂ ਸਾਨੂੰ ਆਪ ਹੀ ਪਤਾ ਹੈ ਕਿ ਅਸੀਂ ਕਿਤਨੇ ਕੁ ਸਚੇ-ਸੁਚੇ ਹਾਂ, ਕਿੰਨੀ ਕੁ ਨੇਕ ਕਮਾਈ ਕਰਦੇ ਹਾਂ, ਕਿਤਨੀ ਕੁ ਬਾਣੀ ਪੜ੍ਹਦੇ, ਸੁਣਦੇ ਤੇ ਅਮਲ ਕਰਦੇ ਹਾਂ। ਪਰ ਸਾਡੀ ਬਾਹਰਲੀ ਰਹਿਣੀ-ਬਹਿਣੀ (ਰਹਿਤ) ਤਾਂ ਦੁਨੀਆਂ ਦੇਖ ਰਹੀ ਹੈ।

ਲੋਕੀ ਧਿਆਨ ਨਾਲ ਦੇਖ ਰਹੇ ਹਨ ਕਿ ਸਾਡੇ ਵਿਚ ਕਿਤਨੇ ਜ਼ਿਆਦਾ ਐਸੇ ਲੋਕ ਪੈਦਾ ਹੋ ਗਏ ਹਨ ? ਜੋ ਗੁਰੂ ਦੀ ਦਿਤੀ ਹੋਈ ਸ਼ਕਲ-ਸੂਰਤ ਨੂੰ ਖੁਲ੍ਹਮ-ਖੁਲ੍ਹਾ ਨਾਈਆਂ ਦੀਆਂ ਦੁਕਾਨਾਂ ਉਤੇ ਬੈਠ ਕੇ ਵਿਗਾੜ ਰਹੇ ਹਨ।

ਕਿਤਨੇ ਹੀ ਐਸੇ ਹਨ ਜੋ ਖੁਲ੍ਹਮ-ਖੁਲ੍ਹਾ ਸਿਗਰਟ ਬੀੜੀਆਂ, ਜ਼ਰਦੇ-ਤੰਬਾਕੂ, ਸ਼ਰਾਬਾਂ ਆਦਿ ਨਸ਼ੇ ਬਜ਼ਾਰਾਂ ਵਿਚ ਪੀਂਦੇ ਫਿਰਦੇ ਹਨ ? ਇਹੋ ਜਿਹੇ ਲੋਕ ਜਿਥੇ ਆਪਣੀ ਸਿਹਤ ਨੂੰ ਵਿਗਾੜ ਰਹੇ ਹਨ, ਉਥੇ ਸਾਰੀ ਸਿਖ ਕੌਮ ਨੂੰ ਬਦਨਾਮ ਵੀ ਕਰ ਰਹੇ ਹਨ ?

(ਬਾਕੀ ਪੰਨਾ ੧੧ ਤੇ ...)


www.AKJ.Org

## ਹੋਲੀ ਕੀਨੀ ਸੰਤ ਸੇਵ

(ਡਾ: ਪਰਮਜੀਤ ਕੌਰ)

ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਲਾਲ ਰੰਗ ਹਮੇਸ਼ਾਂ ਚੜ੍ਹਿਆ ਰਹਿੰਦਾ ਹੈ, ਇਹ ਕਦੇ ਨਹੀਂ ਲਹਿੰਦਾ। ਗੁਰਵਾਕ ਹੈ-

ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ॥
ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ॥
(ਆਸਾ ਮ: ੩, ਪੰਨਾ ੪੨੭)

ਜਿਹੜਾ ਮਨੁੱਖ ਪ੍ਰਭੂ ਦੇ ਪਿਆਰ ਵਿੱਚ ਰੰਗਿਆ ਜਾਂਦਾ ਹੈ ਉਸ ਦਾ ਤਨ ਮਨ ਗੂੜੇ ਗੁਲਾਲ ਵਾਂਗ ਖਿੜ ਜਾਂਦਾ ਹੈ-

ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ॥
(ਰਾਗੁ ਮਾਰੂ ਮ: ੫ ਪੰਨਾ ੧੦੯੭)

ਇਸ ਸਦਾ ਟਿਕੇ ਰਹਿਣ ਵਾਲੇ ਰੰਗ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ? ਸੰਤ ਜਨਾਂ ਦੀ ਸੇਵਾ ਨਾਲ ਹੀ ਇਹ ਰੰਗ ਚੜ੍ਹ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ- ਸੰਤ ਜਨਾਂ ਦੀ ਸੇਵਾ ਨੂੰ ਮੈ ਹੋਲੀ ਬਣਾਇਆ ਹੈ। ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ-

ਹੋਲੀ ਕੀਨੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥
(ਬਸੰਤ ਮ: ੫ ਪੰਨਾ ੧੧੮੦)

ਸੰਤ ਪਰਮਾਤਮਾ ਨਾਲ ਟੁੱਟੀ ਹੋਈ ਸੁਰਤਿ ਜੋੜ ਸਕਦੇ ਹਨ। ਸੰਤਾਂ ਦੀ ਸੰਗਤਿ ਵਿਚ ਸ੍ਰੇਸ਼ਟ ਮਤਿ ਪ੍ਰਾਪਤ ਹੁੰਦੀ ਹੈ-

ਕਰਹੁ ਗਤਿ ਦਇਆਲ ਸੰਤਹੁ ਮੋਰੀ॥
ਤੁਮ ਸਮਰਥ ਕਾਰਨ ਕਰਨਾ ਤੂਟੀ ਤੁਮ ਹੀ ਜੋਰੀ॥
(ਸਾਰਗ ਮ: ੫ ਪੰਨਾ ੧੨੧੭)

ਮਨੁੱਖ ਉਤੇ ਸੰਗਤਿ ਦਾ ਪ੍ਰਭਾਵ ਪੈਣਾ ਸੁਭਾਵਿਕ ਹੈ। ਉਹ ਜੈਸੀ ਸੰਗਤਿ ਕਰਦਾ ਹੈ ਵੈਸਾ ਹੀ ਬਣ ਜਾਂਦਾ ਹੈ। ਜੇਕਰ ਮਨਮੁਖ ਦੀ ਸੰਗਤਿ ਵਿੱਚ ਬੈਠਦਾ ਹੈ ਤਾਂ ਦਿਨ ਰਾਤ ਵਿਕਾਰਾਂ ਵਿਚ ਲਿਪਤ ਰਹਿੰਦਾ ਹੈ ਅਤੇ ਸੰਸਾਰਿਕ ਸੁਖਾਂ ਦੀ ਪ੍ਰਾਪਤੀ ਲਈ ਉੱਦਮ ਕਰਣ ਦੀਆਂ ਹੀ ਗੱਲਾਂ ਕਰਦਾ ਰਹਿੰਦਾਂ ਹੈ। ਪਰ ਸੰਤਾਂ ਦੀ ਸੰਗਤਿ ਵਿੱਚ ਰਹਿੰਦਾ ਹੋਇਆ ਪ੍ਰਭੂ ਦੀ ਸਿਫਤਿ ਸਾਲਾਹ ਕਰਦਾ ਹੈ ਅਤੇ ਪ੍ਰਭੂ ਦੇ ਸਿਮਰਨ ਵਿੱਚ ਲਗਿਆ ਰਹਿੰਦਾ ਹੈ। ਸਤਸੰਗਤਿ ਤੋਂ ਬਿਨਾਂ ਸਾਰੇ ਮਨੁੱਖ ਪਸ਼ੂਆਂ ਡੰਗਰਾ ਵਾਂਗ ਤੁਰੇ ਫਿਰਦੇ ਹਨ, ਜਿਸ ਅਕਾਲ ਪੁਰਖ ਨੇ ਪੈਦਾ ਕੀਤਾ ਹੈ ਉਸ ਨਾਲ ਸਾਝ ਨਹੀਂ ਪਾਂਦੇ-

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ॥
ਜਿਨਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ॥
(ਰਾਗੁ ਆਸਾ ਮ: ੩, ਪੰਨਾ ੪੨੭)

ਸੰਤ ਜਨਾਂ ਦੀ ਸੰਗਤਿ ਵਿੱਚ ਹੀ ਸਿਰਜਣਹਾਰ ਅਕਾਲ ਪੁਰਖ ਨਾਲ ਜਾਣ-ਪਛਾਣ ਹੋ ਸਕਦੀ ਹੈ। ਜਿਹੜਾ ਮਨੁੱਖ ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ ਪ੍ਰਭੂ ਦੀ ਸ਼ਰਨ ਆਉਂਦਾ ਹੈ ਉਹ ਸਾਰੇ ਸੁਖ ਹਾਸਲ ਕਰ ਲੈਂਦਾ ਹੈ। ਸੰਤ ਜਨਾਂ ਦੀ ਚਰਨੀ ਲੱਗਕੇ, ਉਹਨਾਂ ਦਾ ਪੱਲਾ ਫੜਕੇ ਹੀ ਮਨੁੱਖ ਭਰਮ ਅਤੇ ਮੋਹ ਦੇ ਸਮੁੰਦਰ ਵਿੱਚ ਡੁੱਬਣ ਤੋਂ ਬਚ ਸਕਦਾ ਹੈ। ਗੁਰਵਾਕ ਹੈ-

ਉਧਰੇ ਭ੍ਰਮ ਮੋਹ ਸਾਗਰ॥ ਲਗਿ ਸੰਤਨਾ ਪਗ ਪਾਲ॥
(ਕੇਦਾਰਾ ਮ: ੫, ਪੰਨਾ ੧੧੧੯)

ਸੰਤ ਜਨ ਹੀ ਪ੍ਰਭੂ ਦੀ ਪ੍ਰਾਪਤੀ ਦੀ ਰਾਹ ਦੱਸਦੇ ਹਨ ਕਿ ਮਨ ਅਕਾਲ ਪੁਰਖ ਦੀ ਭੇਟਾ ਕਰਨ ਨਾਲ ਅਤੇ ਹਉਮੈ ਦੂਰ ਕਰਣ ਨਾਲ ਹੀ ਪ੍ਰਭੂ- ਪ੍ਰਾਪਤੀ ਦਾ ਰਸਤਾ ਸੌਖਾ ਹੋ ਜਾਂਦਾ ਹੈ-

ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥
ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ॥
ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ॥
(ਰਾਗ ਮਾਰੂ ਵਾਰ ਮ: ੫ ਪੰਨਾ ੧੦੯੮)

ਮਨ ਦਾ ਅਹੰਕਾਰ ਸੰਤਾਂ ਦੀ ਸੰਗਤਿ ਤੋਂ ਬਿਨਾ ਦੂਰ ਨਹੀਂ ਹੁੰਦਾ- ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੈ ॥
(ਰਾਗੁ ਮਾਰੂ ਵਾਰ ਮ: ੫, ਪੰਨਾ ੧੦੯੮)

ਜਿਹੜਾ ਮਨੁੱਖ ਸੰਤ ਜਨਾਂ ਦੀ ਸੰਗਤਿ ਵਿੱਚ ਰਹਿਕੇ ਨਾਮ ਦਾ ਵਣਜ ਕਰਦਾ ਹੈ, ਦੁਨੀਆਂ ਦੇ ਝਗੜੇ ਕਲੇਸ਼ ਆਦਿਕ ਉਸ ਉਤੇ ਆਪਣਾ ਜੋਰ ਨਹੀਂ ਪਾ ਸਕਦੇ-

ਹਰਿ ਕੇ ਨਾਮ ਕੋ ਆਧਾਰੁ॥
ਕਲਿ ਕਲੇਸ ਨ ਕਛੁ ਬਿਆਪੈ ਸੰਤ ਸੰਗਿ ਬਿਉਹਾਰੁ॥
(ਕੇਦਾਰਾ ਮ: ੫ ਪੰਨਾ ੧੧੨੧)

ਪਰ ਸੰਤ ਜਨਾਂ ਦੀ ਸੰਗਤਿ ਵੱਡੇ ਭਾਗਾਂ ਨਾਲ ਮਿਲਦੀ ਹੈ ਕਿਉਂਕਿ ਅਸਲ ਸੰਤ ਜਾਂ ਸਾਧਜਨ ਵਿਰਲੇ ਹੀ ਮਿਲਦੇ ਹਨ-

ਤੇਰਾ ਜਨੁ, ਏਕੁ ਆਧੁ ਕੋਈ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ,
ਹਰਿ ਪਦੁ ਚੀਨੈ ਸੋਈ॥
(ਰਾਗੁ ਕੇਦਾਰਾ ਬਾਣੀ ਕਬੀਰ ਜੀ ਪੰਨਾ ੧੧੨੩)

ਅਸਲ ਸੰਤ ਦੀ ਪਛਾਣ ਕਰਨ ਲਈ ਅਤੇ ਥਾਂ ਥਾਂ ਤੇ ਬਨਾਉਟੀ ਸੰਤਾਂ ਦੇ ਖਿਲਾਰੇ ਹੋਏ ਜਾਲਾਂ ਤੋਂ ਬਚਣ ਲਈ, ਸੰਤ ਜਾਂ ਸਾਧ ਸ਼ਬਦ ਦੀ ਵਰਤੋਂ ਕਿਸ ਵਿਸ਼ੇਸ਼

ਅਤੇ ਮਹਾਨ ਵਿੱਅਕਤੀ ਲਈ ਕੀਤੀ ਗਈ ਹੈ ਇਹ ਜਾਣ ਲੈਣਾ ਜ਼ਰੂਰੀ ਹੈ।

ਸੰਤਾਂ ਦੀ ਜੀਵਨ-ਜੁਗਤਿ ਸਦਾ ਇਕ ਰਸ ਰਹਿਣ ਵਾਲੀ ਅਤੇ ਬੜੀ ਪਵਿਤ੍ਰ ਹੁੰਦੀ ਹੈ। ਉਹ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰ ਲੈਂਦੇ ਹਨ। ਉਹਨਾਂ ਨੇ ਗੁਣ ਅਤੇ ਅਉਗਣਾਂ ਦੀ ਪਰਖ ਕਰ ਲਈ ਹੁੰਦੀ ਹੈ। ਜਿਹੜਾ ਗੁਣ ਅਤੇ ਅਉਗਣਾ ਦੀ ਪਰਖ ਕਰ ਲੈਂਦਾ ਹੈ ਅਤੇ ਪਰਮਾਤਮਾ ਦਾ ਨਾਮ ਉਚਾਰਦਾ ਰਹਿੰਦਾ ਹੈ ਉਸ ਨੂੰ ਅਕਾਲ ਪੁਰਖ ਦੇ ਡਰ-ਅਦਬ ਵਿੱਚ ਰਹਿਣ ਕਰਕੇ ਪਰਮਾਤਮਾ ਦੀ ਭਗਤੀ ਪਿਆਰੀ ਲੱਗਦੀ ਹੈ। ਪਰਮਾਤਮਾ ਦਾ ਨਾਮ-ਰਸ ਹੀ ਸੰਤਾਂ ਵਾਸਤੇ ਦੁਨੀਆਂ ਵਾਲੇ ਵਿਸ਼ੇ-ਭੋਗਾਂ ਦਾ ਸੁਆਦ ਹੁੰਦਾ ਹੈ। ਪਰਮਾਤਮਾ ਦੇ ਨਾਮ-ਰੰਗ ਨਾਲ ਰੰਗੀਜ ਕੇ ਉਹਨਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ। ਉਹ ਹਰਿ-ਨਾਮ ਦੇ ਰਸ ਵਿੱਚ ਮਸਤ ਰਹਿੰਦੇ ਹਨ-

ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ॥

(ਪੰਨਾ ੮੧੩)

ਜਿਵੇਂ ਪਪੀਹਾ ਸ੍ਵਾਤੀ-ਨੱਛਤ੍ਰ ਦੀ ਵਰਖਾ ਦੀ ਬੂੰਦ ਦਾ ਪਾਨ ਕਰਕੇ ਅਤੇ ਮੱਛੀ ਪਾਣੀ ਵਿੱਚ ਰਹਿਕੇ ਹੀ ਜੀਉਂਦੀ ਹੈ ਤਿਵੇਂ ਹੀ ਸੰਤਜਨ ਅਕਾਲ ਪੁਰਖ ਦੇ ਨਾਮ-ਜਲ ਦੀ ਬੂੰਦ ਪੀਕੇ ਹੀ ਸੁਖੀ ਹੁੰਦੇ ਹਨ। ਅਸਲ ਸੰਤ ਉਹੀ ਹੈ ਜਿਹੜਾ ਅਕਾਲ ਪੁਰਖ ਨੂੰ ਭਾਉਂਦਾ ਹੈ। ਅਕਾਲ ਪੁਰਖ ਵਾਹਿਗੁਰੂ ਸੰਤਾਂ ਦੇ ਨਾਲ ਦਿਨ-ਰਾਤ ਵੱਸਦਾ ਹੈ। ਗੁਰਵਾਕ ਹੈ-

ਸੋਈ ਸੰਤੁ ਜਿ ਭਾਵੈ ਰਾਮ॥
ਸੰਤ ਗੋਬਿੰਦ ਕੈ ਏਕੈ ਕਾਮ॥੧॥ਰਹਾਉ॥
ਸੰਤ ਕੈ ਊਪਰਿ ਦੇਇ ਪ੍ਰਭੁ ਹਾਥ॥
ਸੰਤ ਕੈ ਸੰਗਿ ਬਸੈ ਦਿਨੁ ਰਾਤਿ॥

(ਗੋਂਡ ਮਹਲਾ ੫ ਪੰਨਾ ੮੬੭)

ਗੁਰੂ ਅਰਜਨ ਦੇਵ ਜੀ ਸਹਸਕ੍ਰਿਤੀ ਵਿੱਚ ਪੂਰਨ ਪੁਰਖ ਜਾਂ ਸੰਤ ਦੇ ਛੇ ਲੱਛਣ ਦੱਸਦੇ ਹਨ। ਜੋ ਸਦਾ ਪਰਮਾਤਮਾ ਦਾ ਨਾਮ ਜਪਦਾ ਹੈ ਅਤੇ ਪ੍ਰਭੂ ਵਿੱਚ ਹੀ ਸੁਰਤਿ ਜੋੜੀ ਰੱਖਦਾ ਹੈ। ਸੁਖ-ਦੁੱਖ ਨੂੰ ਇਕ ਸਮਾਨ ਸਮਝਦਾ ਹੋਇਆ ਨਿਰਵੈਰ ਤੇ ਨਿਰਮਲ ਜੀਵਨ ਬਤੀਤ ਕਰਦਾ ਹੈ। ਜੀਵਾਂ ਉਤੇ ਦਇਆ ਕਰਦਾ ਹੋਇਆ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜਾਂ ਵਿਕਾਰਾਂ ਤੋਂ ਬੱਚਕੇ ਰਹਿੰਦਾ ਹੈ। ਪਰਮਾਤਮਾ ਦੇ ਕੀਰਤਨ ਨੂੰ ਹੀ ਆਪਣਾ ਭੋਜਨ ਸਮਝਦਾ ਹੈ, ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਦੁਸ਼ਮਨ ਅਤੇ ਮਿਤ੍ਰ ਸਾਰਿਆਂ ਨਾਲ ਪ੍ਰੇਮ ਦੀ ਵਰਤੋਂ ਕਰਦਾ ਹੈ। ਇਕ ਪ੍ਰਭੂ ਨਾਲ ਪਿਆਰ ਕਰਦਾ ਹੋਇਆ, ਆਪਾ-ਭਾਵ ਤਿਆਗ ਕੇ ਸਾਰਿਆਂ ਦੇ ਚਰਨਾਂ ਦੀ ਧੂੜ ਬਣਕੇ ਰਹਿੰਦਾ ਹੈ। ਕਦੇ ਕਿਸੇ ਦੀ ਨਿੰਦਾ ਨਹੀਂ ਸੁਣਦਾ। ਗੁਰੂ ਪਾਤਸ਼ਾਹ ਦਾ ਫੁਰਮਾਨ ਹੈ-

ਮੰਤ੍ਰੰ ਰਾਮ ਰਾਮ ਨਾਮੰ, ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ,ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ, ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ,ਅਲਪ ਮਾਯਾ ਜਲ ਕਮਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ, ਭਗਵੰਤ ਭਗਤਿ ਭਾਵਨੀ॥
ਪਰਨਿੰਦਾ ਨਹ ਸ੍ਰੋਤਿ ਸ੍ਰਵਣੰ,ਆਪੁ ਤ੍ਯਿਾਗਿ ਸਗਲ ਰੇਣੁਕਹ॥
ਖਟ ਲਖਣ ਪੂਰਨੰ ਪੁਰਖਹ, ਨਾਨਕ ਨਾਮ ਸਾਧ ਸ੍ਵਜਨਹ॥

(ਸਲੋਕ ਸਹਸਕ੍ਰਿਤੀ ਮ:੫ ਪੰਨਾ੧੩੫੭)

ਸੰਤ ਜਨ ਜਨਮ-ਮਰਣ ਦੇ ਗੇੜ ਵਿੱਚ ਨਹੀਂ ਆਉਂਦੇ। ਉਹ ਤਾਂ ਜਗਤ ਵਿੱਚ ਦੂਜਿਆਂ ਦੀ ਭਲਾਈ ਕਰਨ ਲਈ ਆਉਂਦੇ ਹਨ। ਉਹ ਆਤਮਿਕ ਜੀਵਨ ਦੀ ਦਾਤਿ ਦੇ ਕੇ ਪਰਮਾਤਮਾ ਦੀ ਭਗਤੀ ਵਿੱਚ ਜੋੜਦੇ ਹਨ। ਸੰਤ ਜਾਂ ਸਾਧੂ ਦੀ ਇਹ ਨਿਸ਼ਾਨੀ ਹੈ ਕਿ ਉਹਨਾਂ ਨੂੰ ਮਿਲਕੇ ਸੰਸਾਰ-ਸਮੁੰਦਰਤੋਂ ਪਾਰ ਹੋ ਜਾਈਦਾ ਹੈ-

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥

(ਗਉੜੀ ਕੀ ਵਾਰ ਮ: ੫ ਪੰਨਾ ੩੨੦)

ਸੰਤ ਪਰਮਾਤਮਾ ਦਾ ਰੂਪ ਹੁੰਦੇ ਹਨ-
ਨਾਨਕ ਸਾਧ ਪ੍ਰਭ ਭੇਦੁ ਨ ਭਾਈ॥

(ਗਉੜੀ ਸੁਖਮਨੀ ਮ: ੫ ਪੰਨਾ ੨੭੨)

ਰਵਿਦਾਸੁ ਭਣੈ, ਜੋ ਜਾਣੈ ਸੋ ਜਾਣੁ॥
ਸੰਤ ਅਨੰਤਹਿ ਅੰਤਰੁ ਨਾਹੀ॥

(ਪੰਨਾ ੪੮੬)

ਅਜਿਹੇ ਗੁਣਾਂ ਵਾਲੇ ਸੰਤ ਜਾਂ ਮਹਾਪੁਰਖਾਂ ਦੀ ਸੰਗਤਿ ਵਿੱਚ ਬੈਠਿਆਂ ਹੀ ਜੀਵਨ ਦਾ ਸਹੀ ਰਸਤਾ ਲੱਭਦਾ ਹੈ। ਪਰਮਾਤਮਾ ਹਰ ਵੇਲੇ ਹੀ ਸੰਗ ਜਾਪਦਾ ਹੈ। ਕਾਮ ਕ੍ਰੋਧ, ਲੋਭ ਆਦਿਕ ਪੰਜ ਵਿਕਾਰ ਕਾਬੂ ਵਿੱਚ ਆ ਜਾਂਦੇ ਹਨ- ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥ ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤ ਹੂੰ ਨਾਹੀ॥ਏਕ ਬਾਤ ਸੁਨਿ ਤਾਕੀ ਓਟਾ ਸਾਧ ਸੰਗਿ ਮਿਟਿ ਜਾਹੀ॥੨॥ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥੩॥ ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥ ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥

(ਗਉੜੀ ਮ: ੫ ਪੰਨਾ ੨੦੫-੨੦੬)

ਸੰਤ ਜਨਾਂ ਦੀ ਸੰਗਤਿ ਵਿੱਚ ਮਨੁੱਖ ਦਾ ਮਨ ਮੰਦੇ


www.AKJ.Org

ਪਾਸੇ ਨਹੀਂ ਦੌੜਦਾ, ਭਟਕਣਾ ਸਮਾਪਤ ਹੋ ਜਾਂਦੀ ਹੈ। ਉਹ ਗੁਰ-ਸ਼ਬਦ ਅਨੁਸਾਰ ਜੀਵਨ-ਘਾੜਤ ਘੜਦਾ ਹੈ। ਪ੍ਰਭੂ ਦੀ ਰਜ਼ਾ ਵਿੱਚ ਰਾਜੀ ਰਹਿੰਦਾ ਹੋਇਆ ਪਰਮਾਤਮਾ ਦੇ ਚਰਨਾਂ ਵਿੱਚ ਟਿਕਾਉ ਹਾਸਲ ਕਰ ਲੈਂਦਾ ਹੈ, ਵੈਰੀ ਮਿਤ੍ਰ ਸਮਾਨ ਦਿੱਸਣ ਲਗ ਪੈਂਦੇ ਹਨ ਕਿਉਂਕਿ ਉਸਦਾ ਆਪਣਾ ਹਿਰਦਾ ਨਿਰਮਲ ਹੋ ਜਾਂਦਾ ਹੈ, ਉਹ ਆਪਣੇ ਸਾਰੇ ਫਰਜਾ ਨੂੰ ਚੰਗੀ ਤਰ੍ਹਾਂ ਸਮਝ ਲੈਂਦਾ ਹੈ, ਦੁਨੀਆਂ ਦੀ ਕਿਰਤ ਕਾਰ ਕਰਦਾ ਹੋਇਆ ਵੀ ਮਾਇਆ ਵਲੋਂ ਨਿਰਲੇਪ ਰਹਿੰਦਾ ਹੈ ਅਤੇ ਮਨੁਖਾ-ਜਨਮ ਦਾ ਫਲ ਪ੍ਰਾਪਤ ਕਰ ਲੈਂਦਾ ਹੈ-

ਸੰਤ ਸੰਗਤਿ ਸਿਉ ਮੇਲੁ ਭਇਆ
ਹਰਿ ਹਰਿ ਨਾਮਿ ਸਮਾਏ ਰਾਮ॥
ਗੁਰ ਕੈ ਸਬਦਿ ਸਦ ਜੀਵਨ ਮੁਕਤ
ਭਏ ਹਰਿ ਕੈ ਨਾਮਿ ਲਿਵ ਲਾਏ ਰਾਮ॥

(ਰਾਗੁ ਸੂਹੀ ਛੰਤ ਮ: ੩ ਪੰਨਾ ੭੭੧)

ਜਦੋਂ ਕੋਈ ਮਨੁੱਖ ਆਪਣਾ ਤਨ,ਮਨ, ਧਨ ਸੰਤ ਜਨਾਂ ਦੇ ਹਵਾਲੇ ਕਰ ਦੇਂਦਾ ਹੈ ਤਾਂ ਉਸਦੇ ਅੰਦਰ ਆਤਮਿਕ ਚਾਨਣ ਹੋ ਜਾਂਦਾ ਹੈ, ਉਹ ਪਰਮਾਤਮਾ ਦੇ ਪ੍ਰੇਮ ਰੰਗ ਵਿੱਚ ਰੰਗਿਆ ਜਾਂਦਾ ਹੈ-

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥੩॥ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ॥ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ॥

(ਮਾਰੂ ਸੋਰਠਿ ਮ: ੫ ਪੰਨਾ ੬੧੪)

ਜਿਹੜਾ ਮਨ ਪਰਮਾਤਮਾ ਦੇ ਪ੍ਰੇਮ ਰੰਗ ਵਿੱਚ ਰੰਗਿਆਂ ਜਾਂਦਾ ਹੈ ਉਸ ਉਤੇ ਮਾਇਆ ਦਾ ਹੋਰ ਕੋਈ ਰੰਗ ਆਪਣਾ ਅਸਰ ਨਹੀਂ ਪਾ ਸਕਦਾ, ਉਹ ਮਾਨੋਂ ਗੂੜ੍ਹੇ ਲਾਲ ਰੰਗ ਵਾਲਾ ਹੋ ਜਾਂਦਾ ਹੈ। ਇਹ ਰੰਗ ਕਦੇ ਨਹੀਂ ਲਹਿੰਦਾ-

ਹਰਿ ਰੰਗਿ ਰਾਤਾ ਸੋ ਮਨੁ ਸਾਚਾ॥
ਲਾਲ ਰੰਗ ਪੂਰਨ ਪੁਰਖੁ ਬਿਧਾਤਾ॥੧॥ਰਹਾਉ॥
ਸੰਤਹ ਸੰਗਿ ਬੈਸਿ ਗੁਨ ਗਾਇ॥
ਤਾ ਕਾ ਰੰਗੁ ਨ ਉਤਰੈ ਜਾਇ॥੨॥

(ਗਉੜੀ ਮ: ੫ ਪੰਨਾ ੧੯੪)

ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ ਇਸ ਗੂੜ੍ਹੇ ਲਾਲ ਰੰਗ ਵਿੱਚ ਰੰਗੇ ਹੋਏ ਮਨੁੱਖ ਲਈ ਸਦਾ ਹੋਲੀ ਵਾਲੀ ਖੁਸ਼ੀ ਬਣੀ ਰਹਿੰਦੀ ਹੈ। ਉਸ ਨੂੰ ਕੋਈ ਆਪਣਾ ਦੁਸ਼ਮਨ ਨਹੀਂ ਦਿਸਦਾ, ਕੋਈ ਵੈਰੀ ਨਹੀਂ ਜਾਪਦਾ, ਕੋਈ ਭੈੜਾ ਨਹੀਂ ਲਗਦਾ। ਉਹ ਹੋਰਨਾਂ ਨਾਲ ਈਰਖਾ ਕਰਨੀ ਭੁੱਲ ਜਾਂਦਾ ਹੈ-

ਏਕਸੁ ਸਿਉ ਜਾ ਕਾ ਮਨੁ ਰਾਤਾ॥
ਵਿਸਰੀ ਤਿਸੈ ਪਰਾਈ ਤਾਤਾ॥

(ਗਉੜੀ ਮ: ੫ ਪੰਨਾ ੧੯੯)

(ਪੰਨਾ ੮ ਤਾ ਬਾਕੀ ...)

ਕੀ ਇਨ੍ਹਾਂ ਨੂੰ ਕੋਈ ਪੁਛਣ ਵਾਲਾ ਨਹੀਂ ?
ਕੀ ਇਨ੍ਹਾਂ ਨੂੰ ਕੋਈ ਰੋਕਣ ਵਾਲਾ ਨਹੀਂ ?

ਇਹੋ ਜਿਹੇ ਲੋਕ ਜੋ ਆਪਣੇ ਆਪ ਨੂੰ ਗੁਰੂ ਕੇ ਸਿਖ ਅਖਵਾਉਂਦੇ ਹਨ, ਗੁਰੂ ਦੇ ਪਵਿਤਰ ਅਸਥਾਨਾਂ ਦੀ ਯਾਤਰਾ ਵੀ ਕਰਦੇ ਹਨ, ਦੇਗ਼ ਵੀ ਕਰਾਉਂਦੇ ਹਨ, ਪਰ ਦਸੋ ਇਨ੍ਹਾ ਕਰਮਾਂ ਦਾ ਕੀ ਲਾਭ ਜਦ ਕਿ ਸਤਿਗੁਰੂ ਜੀ ਵਲੋਂ ਬਿਵਰਜਿਤ ਕੁਕਰਮਾਂ ਨੂੰ ਨਹੀਂ ਛਡਦੇ ? ਗੁਰੂ ਸਾਹਿਬ ਨੇ ਸਾਫ਼ ਲਿਖਿਆ ਹੈ :-

ਰਹਿਤ ਪਿਆਰੀ ਮੋਹਿ ਕੋ, ਸਿਖ ਪਿਆਰਾ ਨਾਹਿ॥

ਇਕ ਥਾਂ ਹੋਰ ਲਿਖਿਆ ਹੈ:-

ਰਹਿਣੀ ਰਹੇ ਸੋਈ ਸਿਖ ਮੇਰ।

ਸੋ ਆਓ । ਇਸ ਹੋਲੇ ਮਹੱਲੇ ਦੇ ਤਿਉਹਾਰ ਉਤੇ ਹੀ ਆਪਣੀਆਂ ਗ਼ਲਤ ਗੱਲਾਂ ਛਡ ਦਈਏ। ਆਪਣੇ ਗੁਰੂ ਦੀ ਬਖ਼ਸ਼ੀ ਹੋਈ ਸਿਖੀ ਨੂੰ ਸਾਬਤ ਕੇਸਾਂ ਦਾਹੜੀਆਂ ਨਾਲ ਤੋੜ ਨਿਭਾਈਏ। ਮਨ੍ਹਾ ਕੀਤੇ ਨਸ਼ਿਆਂ ਦਾ ਤਿਆਗ ਕਰੀਏ। ਬਾਣੀ ਪੜ੍ਹੀਏ-ਸੁਣੀਏ ਅਤੇ ਅਮਲ ਕਰਕੇ ਆਪਣਾ ਕੀਮਤੀ ਜਨਮ ਸਫਲਾ ਕਰੀਏ। ■ ■

## ਮੌਜੂਦਾ ਸੰਤ

ਅਮਰਦੀਪ ਸਿੰਘ "ਬਾਰਦੇਕੇ"

ਹਿਰਨਾਂ ਵਾਂਗਰ ਫਿਰਦੀਆਂ ਨੇ ਅੱਜ ਡਾਰਾਂ ਸੰਤਾਂ ਦੀਆਂ।
ਸੰਗੀ-ਸਾਥੀ ਬਣੀਆਂ ਸਭ ਸਰਕਾਰਾਂ ਸੰਤਾਂ ਦੀਆਂ।
ਜਿਦਾਂ ਮਿਠੇ ਦੁਆਲੇ ਹੁੰਦੇ ਕੀੜੇ ਕੱਠੇ ਨੇ,
ਨੋਟਾਂ ਦੁਆਲੇ ਘੁੰਮਣ ਇਦਾਂ ਕਾਰਾਂ ਸੰਤਾਂ ਦੀਆਂ।
ਗੱਲ ਪੰਥ ਦੀ ਕੋਈ ਨਾ, ਸੌਦਾ ਵੇਚਣ ਆਪਣਾ ਹੀ,
ਥਾਂ-ਥਾਂ ਲੱਗੀਆਂ ਹੋਈਆਂ ਨੇ ਬਜ਼ਾਰਾਂ ਸੰਤਾਂ ਦੀਆਂ।
'ਏਕਾ ਨਾਰੀ ਜਤੀ ਹੋਇ' ਢੁੱਕਦਾ ਨਹੀਂ ਸੰਤਾਂ 'ਤੇ,
ਸੌ-ਸੌ ਤੋਂ ਵੀ ਵਧੀਆਂ ਫਿਰਦੀਆਂ ਨਾਰਾਂ ਸੰਤਾਂ ਦੀਆਂ।
ਆਪਣੀ ਹੀ ਮਰਿਯਾਦਾ ਕੱਚੀ ਬਾਣੀ ਬੋਲਣ ਪਏ,
"ਅਮਰ" ਪੰਥ ਤੇ ਪਈਆਂ ਨੇ ਅੱਜ ਮਾਰਾਂ ਸੰਤਾਂ ਦੀਆਂ।

**ਨਾਨਕ ਕਚੜਿਆਂ ਸਿਉ ਤੋੜਿ,
ਢੂਢਿ ਸਜਣ ਸੰਤ ਪਕਿਆ।।
ਓਇ ਜੀਵੰਦੇ ਵਿਛੁੜਹਿ,
ਓਇ ਮੁਇਆ ਨ ਜਾਹੀ ਛੋੜਿ।।੧।।**

(ਪੰਨਾ ੧੧੦੨)

## ਹੇ ਕਲਿ ਮੂਲ ਕ੍ਰੋਧੰ॥

(ਪ੍ਰਿੰ: ਸੱਜਣ ਸਿੰਘ ਜੀ)

ਕ੍ਰੋਧ ਇਕ ਐਸੀ ਨਾਮੁਰਾਦ ਬਲਾ ਹੈ ਜਿਸ ਦਾ ਪਹਿਲਾ ਆਕਰਮਣ ਅਕਲਿ ਜਾਂ ਸੂਝ ਬੂਝ ਤੇ ਹੁੰਦਾ ਹੈ। ਜਿਸ ਕਰਕੇ ਵਿਵੇਕ ਬੁੱਧੀ ਦੀ ਭਾਵਨਾ ਸੜ ਕੇ ਸੁਆਹ ਹੋ ਜਾਂਦੀ ਹੈ। ਬੁੱਧੀ ਤੇ ਐਸਾ ਤਾਮਸੀ ਪ੍ਰਭਾਵ ਪੈਦਾ ਹੈ ਕਿ ਪਲ ਭਰ ਲਈ ਬੰਦਾ ਆਪਣੇ-ਬਿਗਾਣੇ, ਛੋਟੇ-ਵੱਡੇ, ਚੰਗੇ-ਮਾੜੇ ਤੇ ਸੱਚੇ-ਝੂਠੇ ਦੀ ਪਛਾਣ ਕਰਨ ਜੋਗਾ ਨਹੀਂ ਰਹਿੰਦਾ। ਜੇ ਮਨ ਵਿੱਚ ਇੱਕ ਬਾਰ ਕ੍ਰੋਧ ਦੀ ਭਾਵਨਾ ਉਤਪੰਨ ਹੋ ਜਾਵੇ ਤਾਂ ਦੋ-ਮੂੰਹੀ ਸੱਪ ਵਾਂਗਰ ਰੋਕਣ ਟੋਕਣ ਵਾਲੇ ਨੂੰ ਵੀ ਨਹੀਂ ਬਖਸ਼ਦੀ।

ਇੱਸ ਦਾ ਆਪਣਾ ਵੱਖਰਾ ਹੀ ਰੰਗ,ਢੰਗ ਹੈ ਜਿਸ ਦਾ ਪ੍ਰਗਟਾਵਾ ਚਿਹਰੇ ਤੇ ਅੱਖਾਂ ਤੋਂ ਹੀ ਹੋ ਜਾਂਦਾ ਹੈ। ਇੱਕ ਬੇਵੱਸ, ਨਿਰਬਲ ਤੇ ਬੁਜ਼ਦਿਲ ਜੀਵ ਇਸ ਨੂੰ ਚੁਪ ਚੁਪੀਤੇ ਪੀਣ ਤੇ ਆਪਣੀ ਜ਼ਮੀਰ ਨੂੰ ਕੁਚਲਣ ਤੇ ਮਜਬੂਰ ਹੁੰਦਾ ਹੈ ਜਦ ਕਿ ਤਕੜਾ ਹੰਕਾਰੀ ਪੁਰਸ਼ ਕ੍ਰੋਧ ਦੇ ਅਮਲੀ ਪ੍ਰਗਟਾਵੇ ਤੱਕ ਹੀ ਸੀਮਤ ਰਹਿੰਦਾ ਹੈ ਤੇ ਸਿੱਟੇ ਨੂੰ ਝਾਕਣ ਦਾ ਸਮਾਂ ਨਹੀਂ ਕਢੱਦਾ, ਸਾਇਦ ਇਸ ਤਰ੍ਹਾਂ ਉਹ ਆਪਣੀ ਹੱਤਕ ਤੇ ਹੇਠੀ ਸਮਝਦਾ ਹੈ। ਵਾਸਤਵ ਵਿੱਚ ਦੋਨੋ ਮੂਰਖ ਤੇ ਅਗਿਆਨੀ ਹਨ ਜਿਹੜੇ ਗੁੱਸੇ ਦੀ ਉਤਪਤੀ ਦਾ ਕਾਰਨ ਨਾ ਸਮਝਦੇ ਹੋਏ ਇਸ ਦੀ ਗੁੱਝੀ ਜ਼ਹਿਰ ਵਿੱਚ ਗ੍ਰਸੇ ਰਹਿੰਦੇ ਹਨ।

ਗੁਰਦੇਵ ਜੀ ਨੇ ਕ੍ਰੋਧ ਨੂੰ ਲੜਾਈ, ਝਗੜੇ ਦੀ ਜੜ੍ਹ ਆਖਿਆ ਹੈ। ਸ਼ਾਂਤ ਸੁਭਾਅ ਨਾਲ ਜਿਹੜੇ ਕੰਮਾਂ ਦੇ ਪੂਰੇ ਹੋਣ ਦੀ ਸੰਭਾਵਨਾ ਹੁੰਦੀ ਹੈ, ਉਹ ਕ੍ਰੋਧ ਨਾਲ ਸਾਰੇ ਖਟਾਈ ਵਿੱਚ ਪੈ ਜਾਂਦੇ ਹਨ। ਇੱਕ ਥੋੜੀ ਜ਼ਬਾਨ-ਦਰਾਜ਼ੀ ਤੇ ਅੱਖਾਂ ਦੀ ਉਬਲਦੀ ਲਾਲੀ, ਝਗੜੇ ਫਸਾਦ , ਖੂਨ ਖਰਾਬੇ ਤੇ ਹਥਿਆਰਾਂ ਦੀ ਵਰਤੋਂ ਤਕ ਪਹੁੰਚਾ ਦਿੰਦੀ ਹੈ। ਪਿਆਰ-ਮੁਹੱਬਤ, ਰਿਸ਼ਤਾ-ਨਾਤਾ, ਹਮਦਰਦੀ, ਦਇਆ, ਤਰਸ ਤੇ ਮਾਨਵਤਾ ਦਾ ਫੱਕਾ ਨਹੀਂ ਰਹਿੰਦਾ ਤੇ ਕਈ ਵਾਰ ਕ੍ਰੋਧੀ ਪੁਰਸ਼, ਆਪਣੇ ਨੇੜਲੇ ਸੰਬੰਧੀ ਤੇ ਵਾਰ ਕਰਕੇ ਬਾਅਦ ਵਿੱਚ ਪਛਤਾਉਂਦਾ ਹੈ। ਇਉਂ ਜਦ ਗੁੱਸਾ ਬੰਦੇ ਤੇ ਹਾਵੀ ਹੁੰਦਾ ਹੈ ਤਾ ਬਾਂਦਰ ਵਾਂਗ ਨਚਾਉਂਦਾ ਹੈ।

ਇੱਸ ਦਾ ਹਾਨੀਕਾਰਕ ਪ੍ਰਭਾਵ ਨਾ ਕੇਵਲ ਸਰੀਰ ਤੇ ਪੈਂਦਾ ਹੈ। ਸਮਾਜਕ ਜੀਵਨ ਵਿਚ ਗਿਰਾਵਟ ਤੇ ਖੁਆਰੀ ਹੁੰਦੀ ਹੈ ਤੇ ਰੂਹਾਨੀਅਤ ਦੇ ਰਾਹ ਵਿੱਚ ਜਬਰਦਸਤ ਰੁਕਾਵਟ ਦਾ ਮੂੰਹ ਦੇਖਣਾ ਪੈਂਦਾ ਹੈ। ਸਰੀਰਕ ਰੋਗ ਬਾਰੇ ਭਗਤ ਫਰੀਦ ਜੀ ਦਾ ਫੁਰਮਾਨ ਹੈ-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੭੮॥
(੧੩੮੧-੮੨)

ਹੁਕਮ ਸਪਸ਼ਟ ਹੈ ਕਿ ਬੁਰੇ ਦੀ ਬੁਰਾਈ ਨੂੰ ਮਨ ਵਿੱਚ ਵਸਾਉਣ ਨਾਲ, ਸਰੀਰ ਦੇ ਨਾਜ਼ਕ ਅੰਗਾਂ ਵਿੱਚ ਅਸ਼ਾਤੀ, ਭਟਕਣ ਤੇ ਹਲਚਲ ਜਿਹੀ ਮਚ ਜਾਂਦੀ ਹੈ, ਜਿਹੜੀ ਸਰੀਰਕ ਰੋਗਾਂ ਦੇ ਪੈਦਾ ਹੋਣ ਦਾ ਕਾਰਨ ਬਣਦੀ ਹੈ। ਜੇ ਕਿਤੇ ਬਦਲੇ ਦੀ ਭਾਵਨਾ ਮਨ ਵਿਚੋਂ ਨਿਕਲ ਜਾਵੇ ਤਾ ਸਰੀਰ ਨੂੰ ਕੋਈ ਰੋਗ ਨਹੀਂ ਵਿਆਪਦਾ। ਆਤਮਕ ਧੰਨ ਨੂੰ ਪ੍ਰਾਪਤ ਕਰਨ ਤੇ ਸੰਭਾਲਣ ਲਈ ਧੀਰਜ ਤੇ ਖਿਮਾ ਦੀ ਬਹੁਤ ਆਵਸ਼ਕਤਾ ਹੈ। ਬੁਰੇ ਦੀ ਬੁਰਿਆਈ ਤੋਂ ਕਿਸ ਨੂੰ ਕ੍ਰੋਧ ਨਹੀਂ ਆਉਂਦਾ ? ਪਰ ਬਿਨਾਂ ਸੋਚੇ ਸਮਝੇ, ਜਲਦਬਾਜ਼ੀ ਤੇ ਜਜ਼ਬਾਤ ਦੀ ਲਹਿਰ ਵਿੱਚ ਰੁੜ੍ਹ ਕੇ ਇੱਟ ਦਾ ਜੁਆਬ ਪੱਥਰ ਵਿਚ ਦੇਣ ਦੀ ਬਜਾਏ ਸਹਿਨਸ਼ੀਲਤਾ ਉਦਾਰਤਾ ਤੇ ਖਿਮਾ ਆਦਿਕ ਦੈਵੀ ਗੁਣਾ ਦੇ ਗ੍ਰਹਿਣ ਕਰਨ ਨਾਲ ਨਾਂ ਤਾਂ ਕੋਈ ਸਰੀਰਕ ਰੋਗ ਵਿਆਪਦਾ ਹੈ ਤੇ ਨਾ ਹੀ ਨਾਮ ਧੰਨ ਪ੍ਰਾਪਤੀ ਵਿੱਚ ਵਿਘਨ ਪੈਂਦਾ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਜੇ ਕੁਦਰਤੀ ਖਿਮਾ ਦੀ ਭਾਵਨਾ ਨਹੀਂ, ਤਾਂ ਕਿਸੇ ਦੇ ਪ੍ਰਭਾਵ ਅਧੀਨ ਚੁੱਪ ਰਹਿਣ ਜਾਂ ਕੋਈ ਫੈਸਲਾ ਪਰਵਾਨ ਕਰਨ ਨਾਲ ਅੰਦਰਲੇ ਗੁੱਸੇ ਦੀ ਹਵਾੜ ਨੁਕਸਾਨ ਵੀ ਪਹੁੰਚਾ ਸਕਦੀ ਹੈ। ਜੇ ਨੀਅਤ ਨੇਕ ਤੇ ਮਨ ਬਲਵਾਨ ਹੈ ਤਾ ਗੁੱਸੇ ਦੀ ਭਾਵਨਾ ਦਾ ਅਣਖ ਜਾਂ ਕਿਸੇ ਹੋਰ ਚੰਗੇ ਗੁਣ ਵਿੱਚ ਪਰਿਵਰਤਣ ਸੰਭਵ ਹੈ ਪਰ ਜੇ ਮਨ ਅੜੀਅਲ ਤੇ ਜ਼ਿਦੀ ਹੈ ਤਾਂ ਕ੍ਰੋਧ ਮਨ ਦਾ ਸੁਲਤਾਨ ਅਵੱਸ਼ ਬਣੇਗਾ ਤੇ ਮਨ ਆਈ ਗੱਲ ਕਰਵਾਏਗਾ।

ਖੂਨ ਦਾ ਦਬਾਉ, ਦਿਲ ਦੀ ਬਿਮਾਰੀ, ਚਿੜਚੜਾਪਨ, ਹੱਠੀ ਸੁਭਾਵ, ਸਹਿਨ ਸ਼ਕਤੀ ਦੀ ਕਮੀ, ਮਾਨਸਿਕ ਪ੍ਰੇਸ਼ਾਨੀ ਆਦਿਕ ਰੋਗਾਂ ਤੋਂ ਕੋਈ ਵਿਰਲਾ ਹੀ ਘਰ ਬਚਿਆ ਹੋਇਆ ਹੈ। ਸਤਿਗੁਰ ਦੇ ਉਪਦੇਸ਼ ਬਿਨਾਂ ਸਾਰਾ ਸੰਸਾਰ ਰੋਗੀ ਹੈ। ਹਰੇਕ ਸਮਝਦਾਰ ਵਿਅਕਤੀ ਜਾਣਦਾ ਹੈ ਕਿ ਕ੍ਰੋਧ ਬੱਲਡ ਪ੍ਰੈਸ਼ਰ ਨੂੰ ਵਧਾਉਂਦਾ ਹੈ, ਦਿਲ ਤੇ ਦਿਮਾਗ ਦੀਆ ਭਾਤ ਭਾਂਤ ਦੀਆਂ ਬਿਮਾਰੀਆ ਨੂੰ ਜਨਮ ਦਿੰਦਾ ਹੈ। ਕਾਰਨ ਹੀ ਨਹੀਂ ਬਣਦਾ, ਰੋਗੀ ਦੇ ਰੋਗ ਵਿੱਚ ਹੋਰ ਉਲਝਣਾਂ ਵਧਾਉਂਦਾ ਹੈ। ਇਸ ਦਾ ਅਸਰ ਸਰੀਰ ਦੇ ਕਈ ਰੋਗਾਂ ਤੇ ਸਿੱਧਾ ਜਾਂ ਅਸਿੱਧਾ ਪੈਂਦਾ ਹੈ। ਡਾਕਟਰ ਮਸ਼ਵਰਾ ਦਿੰਦੇ ਹਨ ਕਿ ਰੋਗੀ ਨਾਲ ਐਸੀ ਗੱਲ ਨ ਕਰੋ ਜਿਸ ਨਾਲ ਰੋਗੀ ਭਾਵਕ ਹੋਵੇ . ਚਿੰਤਾ ਗ੍ਰਸਤ ਹੋਵੇ, ਤੇ ਕ੍ਰੋਧਤ ਹੋਵੇ। ਅਫਸੋਸ ਹੈ ਕਿ ਅਸੀਂ ਦੁਨਿਆਵੀ ਡਾਕਟਰਾ ਦੇ ਸੁਝਾਉ ਨੂੰ ਮੰਨ ਕੇ ਉਸ ਤੇ ਅਮਲ ਕਰਨ ਦਾ ਜਤਨ ਕਰਦੇ ਹਾਂ ਪਰ ਸੱਚੇ ਸਤਿਗੁਰੁ ਪੂਰਨ ਵੈਦ ਦੇ ਹੁਕਮਾਂ ਦੀ ਪਰਵਾਹ ਨਹੀਂ ਕਰਦੇ। ਜੇ ਸੱਚੇ ਦਿਲੋਂ ਕਾਮਲ


www.AKJ.Org

ਵੈਦ ਦਾ ਦਾਮਨ ਫੜੀਏ, ਤੇ ਹੁਕਮ ਦੀ ਪਾਲਣਾ ਕਰੀਏ ਤਾਂ ਰੋਗ ਉਤਪੰਨ ਹੀ ਨ ਹੋਣ ਤੇ ਇਲਾਜ, ਦਵਾ ਤੇ ਪਰਹੇਜ਼ ਦੇ ਝੰਝਟ ਤੋਂ ਬਚ ਸਕੀਏ। ਆਪ ਫੁਰਮਾਉਂਦੇ ਹਨ ਕਿ ਕਾਮ ਤੇ ਕ੍ਰੋਧ ਵਿੱਚ ਗ੍ਰਸੇ ਵਿਕਾਰੀਆਂ ਦੀ ਇੱਜਤ ਤੇ ਬੁੱਧੀ ਦੋਹਾਂ ਦਾ ਬਿਨਾਸ ਹੁੰਦਾ ਹੈ, ਇਸ ਲੋਕ ਵਿੱਚ ਖੁਆਰੀ ਹੁੰਦੀ ਹੈ ਤੇ ਪਰਲੋਕ ਵਿੱਚ ਕੋਈ ਢੋਈ ਨਹੀਂ ਮਿਲਦੀ।

ਕਾਮੁ ਚਿਤੈ ਕਾਮਣਿ ਹਿਤਕਾਰੀ॥
ਕ੍ਰੋਧੁ ਬਿਨਾਸੇ ਸਗਲ ਵਿਕਾਰੀ॥
ਪਤਿ ਮਤਿ ਖੋਵਹਿ ਨਾਮੁ ਵਿਸਾਰੀ॥
(ਗਉੜੀ ਮਹਲਾ ੧- ੨੨੫-੨੨੬)

ਇਹ ਕ੍ਰੋਧ ਕਿਹੜੀ ਬਲਾ ਦਾ ਨਾਮ ਹੈ? ਇਸ ਦਾ ਕਾਰਨ ਕੀ ਹੈ? ਇਸ ਦਾ ਕੋਈ ਇਲਾਜ ਹੈ? ਆਦਿ ਕਈ ਕਿਸਮ ਦੇ ਪ੍ਰਸ਼ਨ ਮਨ ਵਿੱਚ ਉਗਵਦੇ ਹਨ। ਇੱਸ ਦੀ ਹਕੂਮਤ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਪਸ਼ੂਆਂ ਪੰਖੀਆਂ ਨੂੰ ਵੀ ਵਿਆਪਦਾ ਹੈ ਪਰ ਮਨੁੱਖ ਜਾਤੀ ਦੇ ਮੁਕਾਬਲੇ ਵਿੱਚ ਬਹੁਤ ਘੱਟ। ਜੇ ਸੱਪਣੀ ਨੂੰ ਪਤਾ ਚਲ ਜਾਵੇ ਕਿ ਮੇਰੇ ਸਾਥੀ ਸੱਪ ਨੂੰ ਕਿਸੇ ਨੇ ਮਾਰਿਆ ਹੈ, ਤਾਂ ਉਹ ਉਮਰ ਭਰ ਬੰਦੇ ਨੂੰ ਡੱਸਣ ਦਾ ਜਤਨ ਕਰਦੀ ਹੈ। ਵਾਸਤਵ ਵਿੱਚ ਇਨਸਾਨ ਦਾ ਮਾਨਸਿਕ ਵਿਕਾਸ ਅਧਿਕ ਹੋਣ ਕਰਕੇ ਕ੍ਰੋਧ ਦੀ ਭਾਵਨਾ ਨੂੰ ਛੇਤੀ ਕਬੂਲਦਾ ਹੈ।

ਪੰਜਾਂ ਦੇ ਸਮੂਹ ਵਿਚੋਂ ਕ੍ਰੋਧ ਦੂਜੀ ਜਜ਼ਬਾਤੀ ਪ੍ਰਵਿਰਤੀ ਹੈ। ਜੇ ਤੱਕਿਆ ਜਾਵੇ ਤਾਂ ਇਹ ਕਿਸੇ ਦੀ ਸੋਚਣੀ, ਬਚਨ ਜਾਂ ਕਰਮ ਵਿੱਚ ਅਸਹਿਮਤੀ ਦੀ ਉਪਜ ਹੈ। ਜਿਵੇਂ ਮੈਂ ਸੋਚਦਾ ਹਾਂ, ਉਹ ਇਸਤਰਾਂ ਕਿਉਂ ਨਹੀਂ ਸੋਚਦਾ? ਜਿਸ ਤਰਾਂ ਮੈਂ ਆਸ਼ਾ ਰੱਖਦਾ ਹਾਂ, ਉਹ ਇਸ ਉੱਪਰ ਪੂਰਾ ਕਿਉਂ ਨਹੀਂ ਉੱਤਰਦਾ? ਜੋ ਉਹ ਕਰਦਾ ਹੈ, ਆਪਣੀ ਮਰਜ਼ੀ ਨਾਲ ਕਿਉਂ ਕਰਦਾ ਹੈ? ਮੇਰੇ ਕਹਿਣ ਤੇ ਕਿਉਂ ਨਹੀਂ ਕਰਦਾ? ਉਹ ਬਿਨਾਂ ਕਾਰਣ ਤੰਗ ਕਿਉਂ ਕਰਦਾ ਹੈ ?ਇਸ ਤਰਾਂ ਦੇ ਕਈ ਪ੍ਰਸ਼ਨ-ਉੱਤਰ ਕ੍ਰੋਧ ਨਾਲ ਸੰਬੰਧਤ ਹਨ। ਮਾਂ ਬਾਪ ਨੂੰ ਬੱਚਿਆਂ ਤੇ ਗੁੱਸਾ ਚੜ੍ਹਦਾ ਹੈ ਕਿ ਉਹ ਸਮਾ ਬਰਬਾਦ ਕਰਦੇ ਹਨ, ਫਜ਼ੂਲ ਖਰਚ ਹਨ, ਚੰਗੇ ਨਹੀਂ ਬਣਦੇ। ਵਿਗੜਦੇ ਜਾ ਰਹੇ ਹਨ। ਇਹ ਸਭ ਕਿਛ ਹਿੱਤ, ਸਨੇਹ, ਆਸਾ ਮਨਸਾ ਕਰ ਕੇ ਹੈ। ਇਸ ਤਰਾਂ ਦਾ ਗੁੱਸਾ ਬੇਗਾਨੇ ਬੱਚਿਆਂ ਤੇ ਨਹੀਂ ਆਉਂਦਾ। ਮਾਲਕ ਖਫਾ ਹੁੰਦਾ ਹੈ ਕਿ ਨੌਕਰ ਆਗਿਆ ਕਾਰੀ ਨਹੀਂ ਬੜਬੋਲਾ ਹੈ। ਨੌਕਰ ਗੁੱਸੇ ਵਿਚ ਪ੍ਰੇਸ਼ਾਨ ਤੇ ਦੁਖੀ ਹੈ, ਕੁਛ ਕਰ ਨਹੀ ਸਕਦਾ, ਮਜਬੂਰ ਹੈ। ਸੱਚੇ ਸੇਵਕ ਨੇ ਆਪਣੇ ਮਾਲਕ ਨੂੰ ਸਭ ਕਿਛ ਸੌਂਪਿਆਂ ਹੁੰਦਾ ਹੈ, ਕੋਈ ਆਸਾ ਨਹੀਂ, ਕੋਈ ਲਾਲਚ ਨਹੀਂ। ਇੱਥੇ ਤਕ ਕਿ ਮਨ ਦੀ ਭਾਵਨਾ ਵੀ ਤਿਆਗੀ ਹੁੰਦੀ ਹੈ। ਗੁਰੂ ਦੀ ਝਿੜਕ ਭੀ ਮਿੱਠੀ ਲੱਗਦੀ ਹੈ, ਦੁੱਖ ਭੁੱਖ ਦੀ ਦਾਤਿ ਵਿੱਚ ਤ੍ਰਿਪਤੀ ਰਹਿੰਦੀ ਹੈ। ਐਸੇ ਸੇਵਕ ਨੂੰ ਕੋਈ ਗੁੱਸਾ ਨਹੀਂ, ਰੋਸ ਨਹੀਂ, ਗਿਲਾ ਨਹੀਂ, ਸ਼ਿਕਵਾ ਨਹੀਂ, ਇੱਕ ਰਤੀ ਭਰ ਵੀ ਸ਼ਿਕਾਇਤ ਨਹੀਂ ਹੁੰਦੀ।

ਕ੍ਰੋਧ ਦੇ ਦੋ ਵਿਸ਼ੇਸ਼ ਪ੍ਰਗਟਾਵੇ ਸਰੀਰ ਤੇ ਆਤਮਾ ਦੇ ਘਾਤਕ ਹਨ। ਇੱਕ ਪਰਤੱਖ ਤੇ ਹਿੰਸਕ ਰੂਪ, ਦੂਜਾ ਲਕੜੀ ਦੇ ਘੁਣ ਵਾਂਗਰ ਗੁਪਤ ਰੂਪ। ਕਈ ਵਾਰ ਦੋਨਾਂ ਦਾ ਮਿਲਗੋਭਾ ਵੀ ਹੁੰਦਾ ਹੈ, ਜਿਹੜਾ ਬਹੁਤ ਖਤਰਨਾਕ ਤੇ ਤਬਾਹ-ਕੁਨ ਸਿੱਧ ਹੁੰਦਾ ਹੈ। ਸਾਡਾ ਵਾਹ ਇਨ੍ਹਾਂ ਦੋਹਾਂ ਨਾਲ ਪੈਂਦਾ ਰਹਿੰਦਾ ਹੈ। ਗੁਰਬਾਣੀ ਵਿੱਚ ਇਨ੍ਹਾਂ ਨੂੰ ਚੰਡਾਲ ਰੂਪ ਤੇ ਅੱਗ ਦੀ ਨਦੀ ਆਖਿਆ ਹੈ।

ਸਿਰੀ ਰਾਗ ਮਹਲਾ ੧॥
ਲਬੁ ਕੁਤਾ, ਕੂੜੁ ਚੂਹੜਾ, ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰਮਲੁ ਮੁਖਿ ਸੁਧੀ ਅਗਨਿ ਕ੍ਰੋਧ ਚੰਡਾਲ॥(੧੫)

ਚੰਡਾਲ ਤੇ ਅਗਨੀ ਇੱਕ ਰੂਪ ਵੀ ਹਨ ਤੇ ਵੱਖਰੇ ਰੂਪਾਂ ਵਾਲੇ ਵੀ।

ਬੁੱਧੀ ਦੀ ਅਗਵਾਈ ਤੋਂ ਕੋਰੇ ਮਨ ਵਿੱਚ ਆਪ-ਹੁਦਰਾਪਨ ਆਉਣਾ ਸੁਭਾਵਕ ਹੈ। ਬੇਮੁਹਾਰਾ ਮਨ ਸਰੀਰ ਦੇ ਅੰਗਾਂ ਦੁਆਰਾ ਆਪਣਾ ਉਲੱਟਾ-ਸਿੱਧਾ ਰੂਪ ਦਿਖਾਉਂਦਾ ਹੈ ਤੇ ਜਦ ਕ੍ਰੋਧ ਦਾ ਭੂਤ ਸਵਾਰ ਹੁੰਦਾ ਹੈ ਤਾਂ ਬੰਦਾ ਕੌੜਾ ਬੋਲਣ ਤੇ ਚੰਡਾਲ ਵਾਂਗਰ ਹਿੰਸਕ ਕਾਰਵਾਈ ਕਰਨ ਤੋਂ ਨਹੀਂ ਟਲਦਾ। ਗੁਰਦੇਵ ਜੀ ਦਾ ਫੁਰਮਾਨ ਹੈ-

ਸਲੋਕ ਮ: ੧॥
ਕੁਬੁਧਿ ਡੂਮਣੀ, ਕੁਦਇਆ ਕਸਾਇਣਿ ਪਰਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥ ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥
(ਸ੍ਰੀ ਰਾਗ ਕੀ ਵਾਰ ਮਹਲਾ ੪-੯੦)

ਅਰਥਾਤ ਭੈੜੀ ਬੁੱਧੀ ਮਰਾਸਣ ਸਮਾਨ ਹੈ, ਬੇਤਰਸ ਹੋਣਾ ਕਸਾਈ ਬਣਨਾ ਹੈ, ਪਰਾਈ ਨਿੰਦਿਆਂ ਚੁਗਲੀ ਚੂਹੜੀ ਹੈ ਤੇ ਚੰਡਾਲ ਰੂਪ ਨੇ ਸ਼ਾਂਤ ਸੁਭਾਉ ਨੂੰ ਲੁੱਟਿਆ ਹੋਇਆ ਹੈ। ਚੌਕਾ ਸਾਫ ਰੱਖਣ ਲਈ, ਜਾਂ ਆਤਮਾ ਨੂੰ ਪਵਿੱਤਰ ਜੁਗਤੀ ਅਪਨਾਉਣ ਦਾ ਕੀ ਲਾਭ ਹੁੰਦਾ ਹੈ ਜੇ ਇਹ ਚਾਰੇ ਕਾਰ ਅੰਦਰ ਬੈਠੀਆਂ ਹੋਣ, ਭਾਵ ਕੁਝ ਫਾਇਦਾ ਨਹੀਂ। ਇਉਂ ਕੁਬੁਧਿ, ਕੁਦਇਆ, ਪਰਨਿੰਦਾ ਤੇ ਕ੍ਰੋਧ ਦੇ ਆਪਸੀ ਗੱਠ ਜੋੜ ਅੱਗੇ ਕਾਰਾਂ ਕੱਢਣ ਦੀ ਰੀਤਿ ਨਿਰਾਰਥ ਜਾਂਦੀ ਹੈ।

ਕ੍ਰੋਧ ਦਾ ਦੂਜਾ ਰੂਪ ਅਗਨੀ ਹੈ। ਅਗਨ ਦੇ ਬੇਸ਼ਕ ਬਹੁਤ ਸਰੂਪ ਹਨ। ਗੁਰਦੇਵ ਜੀ ਨੇ ਗੁਰਬਾਣੀ ਵਿੱਚ


www.AKJ.Org

ਚਾਰ ਪ੍ਰਕਾਰ ਦੀ ਅਗਨੀ ਦਾ ਸੰਕੇਤ ਦਿੱਤਾ ਹੈ। ਸਾਰਾ ਸੰਸਾਰ ਇਨ੍ਹਾਂ ਅੱਗ ਦੀਆਂ ਨਦੀਆਂ ਵਿੱਚ ਜਲ ਰਿਹਾ ਹੈ। ਕੋਈ ਵਿਰਲਾ ਹੀ ਇਹਨਾਂ ਦੀ ਤਪਸ਼ ਤੋਂ ਰਹਿਤ ਹੈ।

ਚਾਰਿ ਨਦੀ ਅਗਨੀ ਅਸਰਾਲਾ॥
ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ॥
ਸਾਕਤ ਦੁਰਮਤਿ ਡੂਬਹਿ ਦਾਝਹਿ
ਗੁਰਿ ਰਾਖੇ ਹਰਿ ਲਿਵ ਰਾਤਾ ਹੇ॥

(ਮਾਰੂ ਮਹਲਾ ੧-੧੦੩੧)

ਇਹ ਨਦੀਆਂ ਬਹੁਤ ਭਿਆਨਕ ਤੇ ਡਰਾਉਣੀਆਂ ਹਨ। ਭੈੜੀ ਮਤਿ ਵਾਲੇ ਸਾਕਤ ਪੁਰਸ਼ ਇਹਨਾਂ ਵਿੱਚ ਡੁੱਬਦੇ ਤੇ ਸੜਦੇ ਹਨ। ਹਰੀ ਨਾਮ ਵਾਹਿਗੁਰੂ ਦੀ ਲਿਵ ਵਿਚ ਰੱਤਿਆਂ ਨੂੰ ਸਤਿਗੁਰੂ ਆਪ ਰੱਖ ਲੈਂਦਾ ਹੈ। ਇਹ ਅੱਗ ਦੀਆਂ ਨਦੀਆਂ ਹਨ : ਹਿੰਸਾ, ਮੋਹ, ਲੋਭ ਤੇ ਕ੍ਰੋਧ ਜਿਨ੍ਹਾਂ ਵਿੱਚ ਮਨਮੁਖਾਂ ਨੇ ਸੜਨਾ ਹੀ ਹੈ।

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਆਗਿ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥

(ਮ: ੧ ਵਾਰ ਮਾਝ ਕੀ-੧੪੭)

ਸਾਕਤ ਪੁਰਸ਼ਾਂ ਦਾ ਸੰਸਾਰ ਕਿਸੇ ਨੂੰ ਨਹੀਂ ਬਖਸ਼ਦਾ, ਉਸ ਨੂੰ ਪਰਉਪਕਾਰੀ ਜੀਵਾਂ ਦਾ ਪਰਉਪਕਾਰ ਵੀ ਖਟਕਦਾ ਹੈ। ਪਰ ਪੂਰਨ ਬ੍ਰਹਮ ਗਿਆਨੀ ਆਪਣੇ ਵਿਵੇਕ ਦੁਆਰਾ ਕ੍ਰੋਧ ਦੇ ਭੈੜੇ ਪ੍ਰਭਾਵ ਤੋਂ ਅਲਿਪਤ ਰਹਿੰਦੇ ਹਨ। ਉਨ੍ਹਾਂ ਦਾ ਧੀਰਜ ਧਰਤੀ ਮਾਤਾ ਦੇ ਧੀਰਜ ਸਮਾਨ ਹੈ, ਜਿਸ ਨੂੰ ਚੰਦਨ ਦੇ ਲੇਪਨ ਤੇ ਹਥਿਆਂ ਦੁਆਰਾ ਖੋਦਣ ਬਰਾਬਰ ਅਨੁਭਵ ਹੁੰਦਾ ਹੈ। ਭਗਤ ਕਬੀਰ ਨੂੰ ਆਪਨੇ ਸਮਕਾਲੀ ਬਾਦਸ਼ਾਹ ਦਾ ਕ੍ਰੋਪ, ਉਚ ਨਿਸ਼ਾਨੇ ਤੋਂ ਗਿਰਾ ਨਹੀਂ ਸਕਿਆ।

ਕ੍ਰੋਧ ਦਾ ਦਾਰੂ ਸ਼ਾਂਤੀ ਹੈ, ਪਰ ਸ਼ਾਂਤੀ ਮਨ ਦੀ ਅਡੋਲਤਾ ਬਿਨਾਂ ਪ੍ਰਾਪਤ ਨਹੀਂ ਹੁੰਦੀ। ਮਨ ਦੀ ਭਟਕਣ ਦੂਰ ਕਰਨ ਲਈ ਖਿਮਾ ਦੀ ਭਾਵਨਾ ਤੇ ਸਹਜ ਬਿਰਤੀ ਔਸ਼ਧੀ ਦਾ ਰੂਪ ਹਨ। ਜੇ ਕ੍ਰੋਧ ਅੱਗ ਦੀ ਨਦੀ ਹੈ ਤਾਂ ਸਤਿਗੁਰੂ ਜੀ ਨੇ ਸਾਨੂੰ ਖੁਨਕ ਨਾਮ ਖੁਦਾਇਆ, ਸੀਤਲ ਗੁਰ ਸ਼ਬਦ ਦੀ ਦਾਤਿ ਬਖਸ਼ੀ ਹੈ। ਗੁਰ ਸ਼ਬਦ ਦੀ ਕਮਾਈ ਮਨ ਦੀ ਇਕਸਾਰਤਾ ਸਹਿਤ ਤਨ ਮਨ ਨੂੰ ਸ਼ਾਂਤ ਕਰਨ ਤੇ ਸੁੱਖ ਦੀ ਨੀਂਦ ਪਰਦਾਨ ਕਰਨ ਦੇ ਸਮਰਥ ਹੈ। ਜਿਸ ਨੂੰ ਸੱਚੇ ਗੁਰੂ ਦੇ ਬਚਨਾਂ ਤੇ ਵਿਸ਼ਵਾਸ਼ ਹੈ, ਉਸਨੇ ਹੀ ਗੁਰ ਉਪਦੇਸ਼ ਦੀ ਪਾਲਣਾ ਕਰਕੇ, ਆਪਣੀ ਅੰਦਰਲੀ ਭੱਖਦੀ ਬਲਵਾਨ ਅਗਨੀ ਨਿਵਾਰੀ ਹੈ। ਗੁਰ ਫੁਰਮਾਨ ਹੈ :

ਕਾਮ ਕਰੋਧ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ॥੨॥ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਗੁਰ ਸਬਦੁ ਦੀਜੈ॥ਤਨਿ ਮਨਿ ਸ਼ਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੂਖਿ ਸਵੀਜੈ॥੩॥

(ਕਲਿਆਣ ਮਹਲਾ ੪-੧੩੨੫-੨੬)

ਅਧਿਆਤਮਕ ਮੰਡਲ ਵਿੱਚ ਕ੍ਰੋਧ ਜ਼ਹਿਰ ਹੈ ਜਿਹੜਾ ਮਨ ਤੇ ਆਤਮਾ ਨੂੰ ਜ਼ਹਿਰੀਲਾ ਬਣਾ ਦਿੰਦਾ ਹੈ। ਇਹੋ ਕਾਰਨ ਹੈ ਕਿ ਗੁਰਦੇਵ ਜੀ ਨੇ ਗੁਰਸਿੱਖਾਂ ਤੇ ਸਾਧਕਾਂ ਨੂੰ ਇਸ ਦੇ ਭਿੱਟ ਤੋਂ ਬਚਣ ਲਈ ਬਾਰ ਬਾਰ ਸਾਵਧਾਨ ਕੀਤਾ ਹੈ। ਜਿਨ੍ਹਾਂ ਮਨੁਖਾਂ ਦੇ ਹਿਰਦੇ ਵਿਚ ਚੰਡਾਲ ਰੂਪ ਕ੍ਰੋਧ ਦਾ ਨਿਵਾਸ ਹੈ, ਉਨ੍ਹਾਂ ਦੀ ਸੰਗਤ ਤੋਂ ਵੀ ਵਰਜਿਆ ਹੈ।

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲੁ॥

ਜਿਉ ਅਗਨੀ ਸਗਲ ਪਦਾਰਥਾਂ ਨੂੰ ਭਸਮ ਕਰਦੀ ਹੈ, ਕ੍ਰੋਧ ਦੈਵੀ ਗੁਣਾਂ ਨੂੰ ਖਰਾਬ ਕਰਦਾ ਹੈ। ਸਾਲਾਂ ਦੀ ਕੀਤਿ ਕਮਾਈ ਨੂੰ ਕ੍ਰੋਧ ਇੱਕ ਵਾਰ ਤਾਂ ਹਿਲਾ ਕੇ ਰੱਖ ਦਿੰਦਾ ਹੈ। ਆਮ ਇਸ ਕ੍ਰੋਧ ਦੀ ਉਪਜ ਈਰਖਾ, ਸਾੜੇ ਜਾਂ ਹਉਮੈ ਕਾਰਨ ਹੁੰਦੀ ਹੈ। ਘਰ ਬਾਰ ਛੱਡ ਕੇ ਜੰਗਲਾਂ, ਪਹਾੜਾਂ ਤੇ ਗੁਫਾਵਾਂ ਵਿਚ ਰਹਿਣ ਵਾਲੇ ਤਪੀਸਰ ਵੀ ਕ੍ਰੋਧ ਦੀ ਅਗਨੀ ਨੂੰ ਸ਼ਾਂਤ ਨਹੀਂ ਕਰ ਸਕੇ। ਸਰੀਰਕ ਸ਼ਕਤੀ ਉਨ੍ਹਾਂ ਪਾਸ ਨਹੀਂ, ਮਾਇਕ ਸ਼ਕਤੀ ਨਾਲ ਉਨ੍ਹਾਂ ਦਾ ਸੰਬੰਧ ਨਹੀਂ, ਰਾਜਸੀ ਸ਼ਕਤੀ ਤੋਂ ਕੋਸਾਂ ਦੂਰ, ਪਰ ਕ੍ਰੋਧ ਵਿਚ ਆ ਕੇ ਕਿਸੇ ਨੂੰ ਸਰਾਪ ਦੇਣਾ, ਉਨ੍ਹਾਂ ਦੀ ਰੂਹਾਨੀ ਸ਼ਕਤੀ ਦੀ ਗਿਰਾਵਟ ਦਾ ਸੰਕੇਤ ਸੀ।

ਵਲੀ ਕੰਧਾਰੀ, ਕਰਾਮਾਤੀ ਸ਼ਕਤੀ ਦਾ ਮਾਲਕ, ਆਪਣੇ ਆਪ ਨੂੰ ਉੱਚਾ ਬਲੀ, ਸ਼ਕਤੀ ਤੇ ਭਗਤੀ ਵਾਲਾ ਸਮਝਦਾ ਸੀ। ਪਰ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਉਪਮਾ, ਵਡਿਆਈ, ਪਰਸਿੱਧੀ ਸਹਨ ਨਹੀਂ ਕਰ ਸਕਿਆ। ਪਾਣੀ ਤਾਂ ਬਹਾਨਾ ਸੀ, ਉਹ ਆਪਣੀ ਹਉਮੈ ਦੀ ਵੇਗ ਨੂੰ ਠਲ ਨਹੀਂ ਪਾ ਸਕਿਆ। ਕੋਈ ਹਿੰਦੂ ਫਕੀਰ, ਉੱਚ ਕੋਟੀ ਦਾ ਦਰਵੇਸ਼ ਬਣ ਕੇ ਪ੍ਰਸੰਸਾ ਯੋਗ ਬਣ ਜਾਇ ਤੇ ਸੰਸਾਰ ਵਿਚ ਪ੍ਰਗਟ ਹੋ ਜਾਵੇ, ਬਰਦਾਸ਼ਤ ਨਹੀਂ ਕਰ ਸਕਿਆ। ਈਰਖਾ ਦਾ ਸਾੜਾ ਤੇ ਹਉਮੈ ਦਾ ਜ਼ਹਿਰ ਕ੍ਰੋਧ ਦੀ ਅਗਨੀ ਵਿਚ ਬਦਲ ਗਿਆ ਤੇ ਵਲੀ ਕੰਧਾਰੀ ਨੇ ਸੜ ਬਲ ਕੇ ਖੁਦਾ ਦੀ ਮੂਰਤਿ ਤੇ ਇਕ ਪਹਾੜੀ ਦਾ ਟੁਕੜਾ ਸੁੱਟਣ ਦਾ ਅਕਾਰਥ ਉਬਾਲ ਕੱਢਿਆ। ਨਤੀਜਾ ਕੀ ਨਿਕਲਿਆ ਹਉਮੈ ਤੇ ਕ੍ਰੋਧ ਨੂੰ ਨਿਮਰਤਾ ਤੇ ਸ਼ਾਂਤੀ ਦੇ ਪੁੰਜ ਅੱਗੇ ਝੁਕਣਾ ਪਿਆ। ਕਰਾਮਾਤੀ ਸ਼ਕਤੀਆਂ ਨੂੰ ਸੰਭਾਲਣ ਲਈ ਵੀ ਜਰਨ ਸ਼ਕਤੀ ਦੀ ਲੋੜ ਪੈਂਦੀ ਹੈ। ਹਮਜ਼ਾ ਗੌਸ ਕ੍ਰੋਧ ਵਿਚ ਆ ਕੇ ਪਾਕਪਟਣ ਸ਼ਹਰ ਨੂੰ ਮਲੀਆ ਮੇਟ ਕਰਨ ਤੇ ਹੀ ਤੁੱਲ ਗਿਆ ਸੀ। ਉਹ ਭੁੱਲ ਗਿਆ ਕਿ ਉਹ ਆਪਣੇ


www.AKJ.Org

ਗੁਣਾਂ ਦੀ ਗਠੜੀ ਨੂੰ ਆਪ ਹੀ ਭਸਮ ਕਰਨ ਲੱਗਾ ਹੈ। ਸਤਿਗੁਰੂ ਨਾਨਕ ਦੇਵ ਜੀ ਜਿਹੜੇ ਵੀ ਪੀਰਾਂ, ਫਕੀਰਾਂ, ਵਲੀਆਂ ਕੋਲ ਗਏ, ਉਨ੍ਹਾ ਦੀ ਤਪਸ਼ ਤੇ ਅਗਨੀ ਨੂੰ ਨਾਮ ਜਲੰ ਨਾਲ ਬੁਝਾਇਆ।

ਪੰਚਮ ਪਾਤਸ਼ਾਹ ਜੀ ਦਾ ਸਮੁੱਚਾ ਜੀਵਨ ਨਿਮਰਤਾ, ਸਹਿਨਸ਼ੀਲਤਾ ਤੇ ਸ਼ਾਤ ਸੁਭਾਅ ਜੈਸੇ ਗੁਣਾਂ ਦਾ ਮਜਮੂਆ ਸੀ। ਗੁਰਦੇਵ ਜੀ ਦੀ ਗੁਰਗੱਦੀ ਨਸ਼ੀਨੀ ਸਮੇ-ਵੱਡੇ ਭਰਾਤਾ ਪ੍ਰਿਥੀ ਚੰਦ ਅਬਾ ਤਬਾ ਬੋਲਿਆ, ਆਪੇ ਤੋਂ ਬਾਹਰ ਹੋ ਕੇ ਜਬਰਦਸਤੀ ਪਗੜੀ ਵੀ ਖੋਹੀ ਪਰ ਆਪ ਜੀ ਨੇ ਅਤਿਅੰਤ ਸਬਰ ਨਾਲ ਬਚਨ ਕੀਤੇ। ਇਸ ਦੇ ਬਾਅਦ ਉਸ ਨੇ ਕਈ ਮਾਰੂ ਹਮਲੇ ਵੀ ਕਰਵਾਏ ਪਰ ਆਪ ਸਭ ਕਿਛ ਅਕਾਲ ਪੁਰਖ ਨੂੰ ਸੌਂਪਦੇ ਰਹੇ। ਆਪ ਨੇ ਅਨੇਕ ਕ੍ਰੋਧੀਆਂ ਦਾ ਕ੍ਰੋਧ ਸ਼ਾਤੀ ਵਿਚ ਬਦਲਿਆ, ਤੇ ਆਪ ਕ੍ਰੋਧ ਵਿਚ ਕਿਵੇਂ ਆ ਸਕਦੇ ਸਨ। ਆਪ ਜੀ ਦੇ ਬਚਨ ਸਿੱਧੇ ਸਾਡੇ ਤੇ ਆਗੂ ਹੁੰਦੇ ਹਨ, ਜਦ ਆਪ ਉਚਾਰਦੇ ਹਨ :-

ਆਸਾ ਮਹਲਾ ੫॥

ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ॥
ਅਧੰਕਾਰ ਮਹਿ ਰਤਨੁ ਪ੍ਰਗਾਸਿਓ ਅਕਲਿ ਬੁਧਿ ਹਛਨਈ॥੧॥
ਜਉ ਕਿਰਪਾ ਗੋਬਿੰਦ ਭਈ॥...........ਏਕ ਬੋਲੁ ਭੀ ਖਵਤੋ
ਨਾਹੀਂ ਸਾਧ ਸੰਗਤਿ ਸੀਤਲਈ॥.......(੪੦੨)

ਜਿਹੜੇ ਅਹੰਕਾਰੀ ਇਕ ਨਿਗੂਣੀ ਜਿਹੀ ਗੱਲ ਵੀ ਸਹਾਰ ਨਹੀਂ ਸਕਦੇ ਸਨ। ਆਪ ਨੇ ਗੁਰਸੰਗਤਿ ਦੁਆਰਾ ਉਨ੍ਹਾਂ ਦੇ ਤੜਪਦੇ ਮਨਾਂ ਨੂੰ ਬਰਫ ਵਾਂਗਰ ਠੰਢੇ ਕੀਤਾ।

ਜਦ ਖਿਮਾ ਤੇ ਸਹਿਨਸ਼ੀਲਤਾ ਨਾਲ ਬਾਦਸ਼ਾਹੀ ਕ੍ਰੋਧ ਦੇ ਭਾਂਬੜ ਵਿਚ ਕੋਈ ਕਮੀ ਨਾ ਆਈ ਤਾਂ ਛੇਵੇਂ ਪਾਤਸ਼ਾਹ ਤੇ ਦਸਮ ਪਾਤਸ਼ਾਹ ਨੇ ਕ੍ਰੋਧ ਨੂੰ ਬੀਰ ਰਸ ਵਿੱਚ ਬਦਲਿਆ, ਅਣਖ ਤੇ ਸਵੈਮਾਨ ਦੀ ਭਾਵਨਾ ਪ੍ਰਜ੍ਵਲਿਤ ਕੀਤੀ, ਤੇ ਗੁੱਸੇ ਦੀ ਅਗਨੀ ਨੂੰ ਸ਼ਕਤੀ ਵਿਚ ਤਬਦੀਲ ਕੀਤਾ। ਇਉਂ ਰਾਜਸੀ ਸ਼ਕਤੀ ਦੇ ਗੁੱਸੇ ਦਾ ਟਾਕਰਾ ਨਾਮ-ਰੱਤੀ ਗੈਰਤ ਨਾਲ ਆਰੰਭ ਕੀਤਾ।

ਆਮ ਹਿੰਦੂ ਜਨਤਾ ਸਰੀਰਕ ਤੇ ਮਾਨਸਕ ਤੌਰ ਤੇ ਏਨੇ ਨਿੱਘਰ ਗਏ ਸਨ ਕਿ ਉਨ੍ਹਾਂ ਦੇ ਮੁਰਦਾ-ਦਿਲਾਂ ਵਿੱਚ ਨਾ ਕ੍ਰੋਧ ਦੀ ਭਾਵਨਾ ਸੀ, ਨਾ ਬਦਲਾ ਲੈਣ ਦੀ ਚਾਹ, ਨਾ ਸੰਘਰਸ਼ ਕਰਨ ਦੀ ਲਾਲਸਾ, ਨਾ ਜੂਝਣ ਤੇ ਮਰਮਿਟਣ ਦੀ ਹਿੰਮਤ। ਗੁਰਦੇਵ ਜੀ ਦਾ ਉਦੇਸ਼ ਕ੍ਰੋਧ ਨੂੰ ਮਾਰਨਾ ਨਹੀਂ ਸੀ। (ਉਹ ਤਾਂ ਪਹਿਲਾ ਹੀ ਮਰਿਆ ਪਿਆ ਸੀ) ਉਸ ਨੂੰ ਜਗਾਉਣਾ ਤੇ ਬੀਰ ਰਸੀ ਗੈਰਤ ਨਾਲ ਬਲਵਾਨ ਬਣਾਉਣਾ ਸੀ, ਬਸੋਲੇ ਬਣਾ ਕੇ ਧਰਤੀ ਗੁਡਣ ਦਾ ਸੀ।

ਐਸੀ ਮਜਲੂਮ ਜਾਤੀ ਨੂੰ ਇਕ ਚੱਟਾਨੀ ਹਕੂਮਤ ਨਾਲ ਟਾਕਰਾ ਕਰਨ ਲਈ ਤਿਆਰ ਕਰਨਾ, ਵਰਤਮਾਨ ਤੇ ਭਵਿੱਖ ਦੇ ਜਾਬਰਾਂ ਨੂੰ ਸੋਧਣ ਦੀ ਸ਼ਕਤੀ ਪਰਦਾਨ ਕਰਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਬਹੁਤ ਵੱਡੀ ਦੇਣ ਹੈ, ਪਰਉਪਕਾਰੀ ਬਖਸ਼ਸ਼ ਹੈ ਤੇ ਅਨੋਖੀ ਕਰਾਮਾਤ ਹੈ।

• • • •

'ਸੂਰਾ' ਮਾਸਿਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ ਫਾਰਮ ੪ (ਰੂਲ ੮)
੧. ਪ੍ਰਕਾਸ਼ਨ ਅਸਥਾਨ ................................... ਲੁਧਿਆਣਾ
੨. ਪ੍ਰਕਾਸ਼ਨ ਸਮਾਂ .................................. ਮਾਸਕ ਪੱਤਰ।
੩. ੪. ੫. ਪ੍ਰਿੰਟਰ ਪਬਲਿਸ਼ਰ, ਸੰਪਾਦਕ........... ਹਰਬੰਸ ਸਿੰਘ, ਭਾਰਤੀ।
੬. ਮਾਲਕ. ................ ਅਖੰਡ ਕੀਰਤਨੀ ਜੱਥਾ
ਜੱਥੇਦਾਰ ਭਾਈ ਰਾਮ ਸਿੰਘ ਜੀ, ੧੦੨, ਰਾਣੀ ਕਾ ਬਾਗ, ਅੰਮ੍ਰਿਤਸਰ।
ਮੈਂ ਹਰਬੰਸ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।
ਤਾਰੀਖ਼ 1-3-98

ਦਸਖ਼ਤ
ਹਰਬੰਸ ਸਿੰਘ

## ਯੂ.ਕੇ. ਵਿਚ ਮੋਖ ਰਹਿਤ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖ਼ਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ, 11-AApollo Way PERRYBARR BIRMINGHIM - 20(U.K.)



www.AKJ.Org

# ਗੁਰਮਤ ਅਤੇ ਸਦਾਚਾਰ

(ਡਾ: ਕੁਲਦੀਪ ਕੌਰ ਜੀ, ਮੁਹਾਲੀ)

ਗੁਰੂ ਨਾਨਕ ਦੇਵ ਜੀ ਨੇ ਸੱਚ-ਅਨੁਭਵ ਦੇ ਆਧਾਰ ਤੇ ਗੁਰਮਤ ਦਰਸਨ ਨੂੰ ਹੋਂਦ ਵਿਚ ਲਿਆਂਦਾ। ਇਸ ਦਰਸ਼ਨ ਨੂੰ ਦਰਸਾਉਣ ਵਾਲੇ ਮਹਾਨ ਗ੍ਰੰਥ ਨੂੰ ਸਾਧਾਰਣ ਗ੍ਰੰਥ ਦੀ ਥਾਂ ਗੁਰੂ ਗ੍ਰੰਥ ਸਾਹਿਬ ਕਹਿ ਕੇ ਕੇਵਲ ਸਨਮਾਨਿਆ ਤੇ ਸਤਿਕਾਰਿਆ ਹੀ ਨਹੀਂ ਜਾਂਦਾ ਸਗੋਂ ਪਰਗਟ ਗੁਰਾਂ ਦੀ ਦੇਹ ਮੰਨਿਆ ਜਾਂਦਾ ਹੈ। ਇਸ ਮਹਾਨ ਗ੍ਰੰਥ ਵਿਚ ਕਥਨੀ ਤੇ ਕਰਨੀ ਵਿਚ ਇਕਸੁਰ ਹੋਏ ਮਹਾਨ ਅਧਿਆਤਮਕ ਸਤਿਪੁਰਸ਼ਾਂ ਦੀ ਸੱਚੀ ਬਾਣੀ ਦਰਜ ਹੈ। ਇਸ ਸੱਚੀ ਬਾਣੀ ਤੇ ਆਧਾਰਿਤ ਸਿੱਖ ਧਰਮ ਦੇ ਅਨੁਆਈਆਂ ਨੂੰ ਸੱਚ ਦੀ ਸੋਝੀ ਕਰਾਉਣਾ ਗੁਰਮਤ ਦਾ ਦਰਸ਼ਨ ਮੁਖ ਮਨੋਰਥ ਹੈ ਅਤੇ ਇਸੇ ਨੂੰ ਮਨੁੱਖਾ ਜੀਵਨ ਦਾ ਪਰਮ ਧਰਮ ਮੰਨਿਆ ਗਿਆ ਹੈ। ਸੱਚ-ਸਿਧਾਂਤ ਇਸ ਗੱਲ ਦਾ ਸੂਚਕ ਹੈ ਕਿ ਸਿੱਖ ਧਰਮ ਵਿਚ ਅਰਥਾਤ ਗੁਰਮਤ ਦਰਸ਼ਨ ਅਨੁਸਾਰ ਸਦਾਚਾਰਕ ਉਚੱਤਾ ਨੂੰ ਪ੍ਰਮੁਖ ਸਥਾਨ ਪ੍ਰਾਪਤ ਹੈ। "ਸਚਹੁ ਓਰੈ ਸਭ ਕੋ ਉਪਰ ਸਚੁ ਆਚਾਰ" ਕਹਿ ਕੇ ਗੁਰੂ ਸਾਹਿਬ ਨੇ ਸਚੁ ਆਚਾਰ ਦੀ ਮਹਾਨਤਾ ਨੂੰ ਬੜੇ ਸਰਲ ਤੇ ਸਪਸ਼ਟ ਢੰਗ ਨਾਲ ਦਰਸਾ ਦਿਤਾ ਹੈ। ਸਚੁ ਸਰੂਪ ਪਰਮ-ਆਤਮਾ ਨਾਲ ਅਭੇਦਤਾ ਪ੍ਰਾਪਤ ਕਰਨ ਵਾਸਤੇ ਜੀਵ ਲਈ ਸੱਚ-ਮਾਰਗ ਦਾ ਪਾਂਧੀ ਬਣਨਾ ਜ਼ਰੂਰੀ ਹੈ ਅਤੇ ਇਸ ਮਾਰਗ-ਯਾਤ੍ਰਾ ਦਾ ਆਰੰਭ 'ਸਚੁ ਆਚਾਰ' ਤੋਂ ਹੀ ਹੁੰਦਾ ਹੈ, ਵਿਕਾਰਾਂ ਦਾ ਮੂਲ ਸ੍ਰੋਤ ਮਨ ਹੈ ਜੋ ਮਨੁੱਖ ਨੂੰ ਸਦਾਚਾਰ ਤੋਂ ਦੂਰ ਲਿਜਾਂਦਾ ਹੈ। ਮਨ ਤੋਂ ਪਾਪਾਂ ਤੇ ਵਿਕਾਰਾਂ ਦੀ ਮੈਲ ਧੋਣ ਵਾਸਤੇ ਨਾਮ-ਰੂਪੀ ਸਰੋਵਰ ਵਿਚ ਟੁੱਭੀਆਂ ਲਾਉਣ ਦੀ ਅਤਿਅੰਤ ਲੋੜ ਹੁੰਦੀ ਹੈ :

ਭਰੀਐ ਮਤਿ ਪਾਪਾ ਕੈ ਸੰਗਿ॥ਓਹ ਧੋਪੈ ਨਾਵੈ ਕੈ ਰੰਗਿ॥

ਸਦਾਚਾਰ ਜੀਵਨ ਦਾ ਆਧਾਰ ਆਤਮਿਕ ਅਨੁਭਵ ਹੈ ਅਤੇ ਆਤਮਿਕ ਅਨੁਭਵ ਤੋਂ ਸੱਖਣਾ ਵਿਅਕਤੀ ਸਦਾਚਾਰਕ ਪੱਖ ਤੋਂ ਉਚ ਪੱਧਰ ਵਾਲਾ ਨਹੀਂ ਹੋ ਸਕਦਾ। ਗੁਰਬਾਣੀ ਵਿੱਚ ਗੁਰਮੁਖ ਅਤੇ ਮਨਮੁਖ ਦੋ ਪ੍ਰਕਾਰ ਦੇ ਵਿਅਕਤੀਆਂ ਦਾ ਵਰਣਨ ਵਿਸ਼ੇਸ਼ ਰੂਪ ਵਿਚ ਕੀਤਾ ਗਿਆ ਮਿਲਦਾ ਹੈ ਇਹ ਵੰਡ ਕੇਵਲ ਅਧਿਆਤਮਕ ਦ੍ਰਿਸ਼ਟੀ ਤੋਂ ਹੀ ਨਹੀਂ ਕੀਤੀ ਗਈ ਸਗੋਂ ਜੀਵਨ ਦੇ ਬਹੁ-ਪੱਖੀ ਸਰੂਪ ਦੇ ਆਧਾਰ ਤੇ ਹੀ ਗੁਰਮੁਖ ਅਤੇ ਮਨਮੁਖ ਦੇ ਲੱਛਣ ਦਰਸਾਏ ਗਏ ਹਨ। ਗੁਰਮੁਖ ਉਹ ਹੈ ਜੋ ਗੁਰੂ ਦੀ ਸਿਖਿਆ ਪ੍ਰਾਪਤ ਕਰਕੇ ਸਰਬ-ਸ਼ਕਤੀ ਮਾਨ ਪਰਮਾਤਮਾ ਦੀ ਹੋਂਦ ਵਿਚ ਕੇਵਲ ਵਿਸ਼ਵਾਸ਼ ਹੀ ਨਹੀਂ ਰੱਖਦਾ ਸਗੋਂ ਗੁਰੂ ਦੇ ਦੱਸੇ ਰਾਹ ਤੇ ਚੱਲ ਕੇ ਉਸ ਨਾਲ ਅਭੇਦਤਾ ਪ੍ਰਾਪਤ ਕਰਨ ਦੇ ਯਤਨ ਵੀ ਕਰਦਾ ਹੈ ਸੰਸਾਰਕ ਜੀਵਨ ਬਿਤਾਉਂਦਿਆਂ ਹੋਇਆਂ ਉਹ "ਜੈਸੇ ਜਲ ਮਹਿ ਕਮਲ ਨਿਰਾਲਮ, ਮੁਰਗਾਈ ਨੈਸਾਣੇ" ਦੇ ਸਿਧਾਂਤ ਨੂੰ ਸਾਮ੍ਹਣੇ ਰੱਖ ਕੇ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਦਾ ਹੈ। ਉਸਦੀ ਕਥਨੀ ਤੇ ਕਰਨੀ ਵਿੱਚ ਭਿੰਨਤਾ ਨਹੀਂ ਹੁੰਦੀ। ਭਲੇ ਬੁਰੇ ਤੇ ਸੱਚ ਝੂਠ ਦੀ ਪਰਖ ਕਰਕੇ ਉਹ ਬੁਰਾਈਆਂ ਦੇ ਬੰਧਨ ਤੋਂ ਛੁਟਕਾਰਾ ਪਾ ਲੈਂਦਾ ਹੈ। ਇਸਦੇ ਉਲਟ ਮਨਮੁਖ ਉਹ ਹੈ ਜੋ 'ਗੁਰ ਬਿਨੁ ਘੋਰ ਅੰਧਾਰ' ਵਿਚ ਫਸਿਆ ਰਹਿੰਦਾ ਹੈ। ਅਤੇ ਅੰਧ ਵਿਸ਼ਵਾਸ਼ ਦੇ ਕਾਰਣ ਉਸਨੂੰ ਸਹੀ ਮਾਰਗ ਦੀ ਸੋਝੀ ਨਹੀਂ ਹੁੰਦੀ। ਉਹ ਆਪਣੇ ਸੀਮਿਤ ਆਪੇ ਦੇ ਅਨੁਭਵ ਤੋਂ ਉੱਚਾ ਨਹੀਂ ਉਠ ਸਕਦਾ, ਇਸੇ ਲਈ ਉਸਦਾ ਦ੍ਰਿਸ਼ਟੀਕੋਣ ਬੜਾ ਸੌੜਾ ਤੇ ਤੰਗ ਵਲਗਣ ਵਿੱਚ ਘਿਰਿਆ ਹੁੰਦਾ ਹੈ। ਉਸਦੀਆਂ ਰੁਚੀਆਂ ਦਾ ਕੇਂਦਰ ਕੇਵਲ ਉਸਦਾ ਆਪਣਾ ਨਿਜੀ ਜੀਵਨ ਹੀ ਹੁੰਦਾ ਹੈ, ਸਵੈ ਕੇਂਦ੍ਰਿਤ ਹੋਣ ਕਰਕੇ 'ਪਰ' ਤੱਕ ਉਸਦੀ ਨਜ਼ਰ ਹੀ ਨਹੀਂ ਜਾਂਦੀ। ਇਸੇ ਲਈ ਉਹ ਸੁਆਰਥੀ, ਧੋਖੇ ਬਾਜ਼, ਪਾਖੰਡੀ ਅਕ੍ਰਿਤਘਣ, ਹਉਮੈ ਵਿਚ ਗ੍ਰਸਿਆ ਹੁੰਦਾ ਹੈ। ਅਜੇਹੇ ਵਿਅਕਤੀ ਕੋਲੋਂ ਸ਼ੁਭ ਕਰਮਾਂ ਦੀ ਆਸ ਰੱਖਣੀ ਵਿਅਰਥ ਹੈ। ਇਸ ਪ੍ਰਕਾਰ ਦੇ ਮਨੁੱਖ ਨੂੰ ਸਹੀ ਮਾਰਗ ਦੀ ਸੋਝੀ ਉਸ ਸਮੇਂ ਹੀ ਹੋ ਸਕਦੀ ਹੈ ਜਦੋਂ ਉਹ ਗੁਰੂ ਦੀ ਸ਼ਰਨ ਵਿਚ ਆ ਕੇ ਆਪਾ ਸਮਰਪਣ ਕਰੇ। ਇਸਤਰ੍ਹਾਂ ਸਿੱਖ ਧਰਮ ਦੇ ਬੁਨਿਆਦੀ ਸਿਧਾਂਤ ਅਨੁਸਾਰ ਸਦਾਚਾਰਕ ਜੀਵਨ ਤੇ ਆਤਮਿਕ ਅਨੁਭਵ ਦਾ ਪਰਸਪਰਿਕ ਸੰਬੰਧ ਹੈ। ਸਦਾਚਾਰਕ ਉੱਚਤਾ ਬਿਨਾ ਆਤਮਿਕ ਅਨੁਭਵ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਆਤਮਿਕ ਅਨੁਭਵ ਦੀ ਅਣਹੋਂਦ ਵਿਚ ਜੀਵ ਸਦਾਚਾਰ ਦੇ ਪੱਖ ਤੋਂ ਨੀਵਾਂ ਰਹਿੰਦਾ ਹੈ।

ਗੁਰੂ ਨਾਨਕ ਸਾਹਿਬ ਤੇ ਸਦਾਚਾਰਕ ਸਿਧਾਤ ਭਾਰਤੀ ਪਰੰਪਰਾ ਦੇ ਅਨੁਕੂਲ ਹੁੰਦਿਆਂ ਵੀ ਵਿਸ਼ੇਸ਼ ਵਿੱਲਖਣਤਾ ਰੱਖਦੇ ਹਨ। ਤਿਆਗ ਤੇ ਵੈਰਾਗ ਦੀ ਰੁਚੀ ਨੂੰ ਉਸੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਗਿਆ ਸਗੋਂ ਗ੍ਰਿਹਸਥ ਧਰਮ ਦੀ ਵਿਸ਼ੇਸ਼ਤਾ ਦਰਸਾ ਕੇ 'ਜੀਵਨ-ਅਖਾੜੇ' ਵਿਚ ਘੋਲ ਕਰਨ ਦੀ ਪ੍ਰੇਰਨਾ ਹੈ। ਮਨੁਖ ਪਹਿਲਵਾਨ ਹੈ ਜਿਸਨੇ ਗੁਰੂ ਤੋਂ ਥਾਪੀ ਲੈ ਕੇ ਪੰਜਾ ਮਹਾਂ ਬਲੀਆਂ ਦਾ ਟਾਕਰਾ ਕਰਦਿਆਂ ਹੋਇਆ ਵਿਜਈ ਹੋ ਕੇ ਘਰ ਵਾਪਿਸ ਪਰਤਨਾ ਹੈ। ਸਿੱਖ ਦੇ ਇਖ਼ਲਾਕ ਦਾ ਆਧਾਰ ਮੁਕਤੀ ਦਾ ਸਿੱਧਾਂਤ ਨਹੀਂ ਸਗੋਂ ਚੰਗੇ ਜੀਵਨ ਦਾ ਸਿਧਾਂਤ ਹੈ। ਜੇ ਸਿੱਖ ਦੇ ਇਖ਼ਲਾਕੀ ਗੁਣ

ਸਵੈ ਦੀ ਮੁਕਤੀ ਦੇ ਸਾਧਨ ਬਣਕੇ ਹੀ ਰਹਿ ਜਾਂਦੇ ਹਨ ਤਾਂ ਇਨ੍ਹਾਂ ਗੁਣਾਂ ਦਾ ਕੋਈ ਲਾਭ ਨਹੀਂ। ਇਸੇ ਲਈ ਦਰਸ਼ਨ ਅਪਸਾਰਵਾਦ ਤੇ ਜ਼ੋਰ ਨਹੀਂ ਦੇਂਦਾ ਸਗੋਂ ਦੱਸਦਾ ਹੈ ਕਿ 'ਹਸੰਦਿਆਂ, ਖੇਡੰਦਿਆਂ, ਖੀਵੰਦਿਆਂ ਪੈਨੰਦਿਆਂ ਵਿਚੇ ਹੋਵਹਿ ਮੁਕਤਿ।' "ਸਿੱਖ ਨੇ ਤਾ ਜੀਵਨ ਮੁਕਤਿ ਹੋਣਾ ਹੈ ਅਤੇ 'ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ।"

ਇਸ ਅਵਸਥਾ ਦੀ ਪ੍ਰਾਪਤੀ ਲਈ ਸੰਸਾਰ ਵਿਚ ਰਹਿੰਦਿਆਂ ਹੋਇਆਂ ਸਾਰੇ ਕਾਰ ਵਿਹਾਰ ਕਰਦਿਆਂ ਸਮਾਜਕ ਤੇ ਪਰਮਾਰਥਕ ਕਾਰਜਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਵਿਚ ਜੋ ਸਦਾਚਾਰਕ ਨੇਮ ਦੱਸੇ ਗਏ ਹਨ ਉਨ੍ਹਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ ਕੁਝ ਕੰਮਾਂ ਤੇ ਬੁਰਾਈਆਂ ਨਾਲ ਸੰਬੰਧਿਤ ਹਨ ਜਿਨ੍ਹਾ ਨੂੰ ਕਰਨ ਤੋਂ ਵਰਜਿਆ ਗਿਆ ਜਾ ਜਿਨ੍ਹਾ ਤੋਂ ਅਪਨੇ ਆਪ ਨੂੰ ਬਚਾ ਕੇ ਰੱਖਣ ਲਈ ਆਖਿਆ ਗਿਆ ਹੈ। ਕ੍ਰਾਮ,ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਨੈਤਿਕ ਬੁਰਾਈਆਂ ਹਨ ਜੋ ਮਨੁਖ ਦੇ ਸੰਸਾਰਕ ਤੇ ਪਰਮਾਰਥਕ ਕੰਮਾ ਵਿਚ ਰੋੜਾ ਅਟਕਾਉਂਦੀਆਂ ਹਨ। ਜਿੱਥੇ ਇਹ ਸਮਾਜਕ ਪੱਖ ਤੋਂ ਹਾਨੀਕਾਰਕ ਹਨ, ਉਥੇ ਇਹ ਅਧਿਆਤਮਕ ਮਾਰਗ ਵਿਚ ਵੀ ਰੋਕ ਸਿੱਧ ਹੁੰਦੀਆ ਹਨ। ਮਨੁੱਖ ਦੀ ਸਰੀਰਕ ਰਚਨਾ ਵਿਚੋਂ ਹੀ ਇਨ੍ਹਾਂ ਦਾ ਜਨਮ ਹੁੰਦਾ ਹੈ, ਕਾਮ, ਜੋ ਇਨ੍ਹਾਂ ਵਿਚੋਂ ਸਭ ਤੋਂ ਪ੍ਰਬਲ ਸ਼ਕਤੀ ਹੈ, ਸਾਧਾਰਣ ਅਰਥਾਂ ਵਿਜ ਮਨੁਖ ਦੀ ਇੱਛਾ ਸ਼ਕਤੀ ਦਾ ਹੀ ਦੂਸਰਾ ਨਾਮ ਹੈ, ਪਰੰਤੂ ਵਿਸ਼ੇਸ਼ ਅਰਥਾਂ ਵਿਚ ਇਸਦਾ ਭਾਵ ਹੈ 'ਲਿੰਗ-ਕਾਮਨਾ'। ਕਾਮ-ਗ੍ਰਸਤ ਮਨੁਖ ਅੰਨਾ ਹੋ ਜਾਂਦਾ ਹੈ ਅਤੇ ਚੰਗੇ ਮੰਦੇ ਦੀ ਪਰਖ ਨਹੀਂ ਕਰ ਸਕਦਾ। ਇਸ ਨਾਲ ਪ੍ਰਾਪਤ ਹੋਈ ਤ੍ਰਿਪਤੀ ਅਲਪ ਕਾਲੀ ਹੁੰਦੀ ਹੈ ਅਤੇ ਮਨੁਖ ਨੂੰ ਨਿਰਬਲ ਬਣਾ ਕੇ ਅਤ੍ਰਿਪਤ ਅਵਸਥਾ ਵਿਚ ਹੀ ਛੱਡ ਜਾਂਦੀ ਹੈ। ਅਜੇਹੇ ਵੈਰੀ ਨੂੰ ਤਾਂ ਤਿਆਗਨਾ ਹੀ ਠੀਕ ਹੈ ਪਰ ਗੁਰਮਤ ਅਨੁਸਾਰ ਤਿਆਗ ਨਹੀਂ ਸਗੋਂ ਸੰਜਮ ਦੀ ਲੋੜ ਦੱਸੀ ਗਈ ਹੈ। ਇਕ ਸੁਭਾਵਕ ਤੇ ਮੁੱਢਲੀ ਪ੍ਰਵਿਰਤੀ ਦਾ ਤਿਆਗ ਕਿਸੇ ਵਿਅਕਤੀ ਵਿਸ਼ੇਸ਼ ਕੋਲੋਂ ਤਾਂ ਭਾਵੇਂ ਸੰਭਵ ਹੋਵੇ ਪਰ ਇਹ ਸੀਮਿਤ ਸ਼ਕਤੀ ਵਾਲੇ ਸਾਧਾਰਣ ਮਨੁਖ ਦੇ ਵੱਸ ਦਾ ਰੋਗ ਨਹੀਂ। ਇਸੇ ਜੀਵ ਨੂੰ ਵਿਆਹ ਕਰਾ ਕੇ ਘਰਬਾਰੀ ਜੀਵਨ ਬਿਤਾਉਣ ਦਾ ਉਪਦੇਸ਼ ਹੈ ਪਰ ਨਾਲ ਹੀ 'ਏਕਾ ਨਾਰੀ ਜਤੀ ਹੋਇ' ਦੇ ਸਿਧਾਂਤ ਨੂੰ ਅਪਨਾਉਣ ਦੀ ਵੀ ਹਦਾਇਤ ਕੀਤੀ ਗਈ ਹੈ।

ਕ੍ਰੋਧ ਦੂਸਰਾ ਪ੍ਰਬਲ ਵਿਸ਼ਾ ਹੈ ਜੋ ਮਨੁੱਖ ਦੇ ਅੰਦਰ ਬਾਹਰਲੀ ਸਥਿਤੀ ਦੇ ਅਸਰ ਨਾਲ ਵੀ ਉਪਜਦਾ ਹੈ ਅਤੇ ਮਾਨਸਿਕ ਅਵਸਥਾ ਉਤੇ ਵੀ ਇਸਦਾ ਨਿਰਭਰ ਹੁੰਦਾ ਹੈ। ਕ੍ਰੋਧੀ ਲਈ ਵੀ ਹਾਨੀਕਾਰਕ ਹੈ ਅਤੇ ਜਿਸ ਉਤੇ ਕ੍ਰੋਧ ਕੀਤਾ ਜਾਂਦਾ ਹੈ ਉਹ ਵੀ ਇਸਦੇ ਭਿਆਨਕ ਅਸਰਾਂ ਤੋਂ ਬਚ ਨਹੀਂ ਸਕਦਾ। ਇਸਤੋਂ ਪ੍ਰਾਪਤ ਹੋਣ ਵਾਲੇ ਨੁਕਸਾਨ ਦਾ ਘੇਰਾ ਵਿਅਕਤੀ ਤਕ ਹੀ ਸੀਮਿਤ ਨਹੀਂ ਰਹਿੰਦਾ ਸਗੋਂ ਸਮੁਚੇ ਤੌਰ ਤੇ ਸਮਾਜ ਨੂੰ ਇਸਦਾ ਨੁਕਸਾਨ ਪਹੁੰਚਦਾ ਹੈ। ਇਹ ਘ੍ਰਿਣਾ ਉਪਜਾ ਕੇ ਮਨ ਦੀ ਸ਼ਾਂਤੀ ਤੇ ਸੰਤੁਲਨ ਨੂੰ ਨਸ਼ਟ ਕਰ ਦੇਂਦਾ ਹੈ ਜਿਸ ਨਾਲ ਸਰੀਰ ਦੀ ਸ਼ਕਤੀ ਵੀ ਨਸ਼ਟ ਹੋਣੀ ਸ਼ੁਰੂ ਹੋ ਜਾਂਦੀ ਹੈ।

ਕਾਮ ਕ੍ਰੋਧ ਕਾਇਆ ਕਉ ਗਾਲੇ
ਜਿਉ ਕੰਚਨ ਸੋਹਾਗਾ ਢਾਲੇ।

ਪਰਾਏ ਧਨ ਉਤੇ ਕਬਜ਼ਾ ਕਰਨ ਦੀ ਇੱਛਾ ਨੂੰ ਲੋਭ ਆਖਿਆ ਜਾਂਦਾ ਹੈ। ਲੋਭੀ ਕੇਵਲ ਪੈਸੇ ਦਾ ਮਿੱਤਰ ਹੁੰਦਾ ਹੈ। ਸਥਾਈ ਕੀਮਤਾਂ ਵੱਲ ਕਦੇ ਵੀ ਉਸਦਾ ਧਿਆਨ ਨਹੀਂ ਜਾਂਦਾ। ਪਰਿਵਾਰ ਅਤੇ ਸਮਾਜ ਦੇ ਹਿਤ ਤੋਂ ਸੱਖਣਾ ਲੋਭੀ ਵਿਅਕਤੀ ਕਦੇ ਵੀ ਕਿਸੇ ਦਾ ਵਫ਼ਾਦਾਰ ਨਹੀਂ ਹੁੰਦਾ, ਕੇਵਲ ਆਪਣੇ ਆਪ ਦਾ ਹੀ ਖ਼ਿਆਲ ਰੱਖਦਾ ਹੈ। ਅਜੇਹੇ ਵਿਅਕਤੀ ਦੀ ਅਵਸਥਾ ਦਾ ਬਿਆਨ ਇਸ ਤਰ੍ਹਾਂ ਕੀਤਾ ਗਿਆ ਹੈ :

ਏਹੁ ਮਨੁ ਮੂਰਖੁ ਲੋਭੀਆ ਲੋਭੇ ਲਗਾ ਲੋਭਾਨੁ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ।

ਜਿਨ੍ਹਾਂ ਵਸਤਾਂ ਨਾਲ ਮਨੁਖ ਦਾ ਵਾਹ ਪੈਂਦਾ ਹੈ ਉਹ ਉਨ੍ਹਾਂ ਨਾਲ ਹੀ ਜੁੜਿਆ ਰਹਿੰਦਾ ਹੈ। ਇਨ੍ਹਾਂ ਸੰਬੰਧਾਂ ਨੂੰ ਅਟੁਟ ਸੰਬੰਧ ਸਮਝ ਕੇ ਜੀਵ ਇਨ੍ਹਾਂ ਦੇ ਮੋਹ ਵਿਚ ਇਸਤਰ੍ਹਾਂ ਫਸ ਜਾਂਦਾ ਹੈ ਕਿ ਇਨ੍ਹਾਂ ਤੋਂ ਵਿਛੋੜਾ ਉਸਨੂੰ ਅਸਹਿ ਜਾਪਦਾ ਹੈ। ਇਹ ਮੋਹ ਅਗਿਆਨ ਤੋਂ ਉਪਜਦਾ ਹੈ ਅਤੇ ਮਨੁੱਖ ਨੂੰ ਦੁਖ ਦੇਣ ਦਾ ਕਾਰਨ ਬਣਦਾ ਹੈ, ਕਿਉਂਕਿ ਜੋ ਨਾਸ਼ਵਾਨ ਹੈ ਉਸਦਾ ਪਿਆਰ ਸ਼ਾਂਤੀ ਪ੍ਰਦਾਨ ਨਹੀਂ ਕਰ ਸਕਦਾ।

ਧਨ, ਸੁੰਦ੍ਰਤਾ, ਸ਼ਕਤੀ ਆਦਿ ਅਹੰਕਾਰ ਨੂੰ ਜਨਮ ਦੇਣ ਵਾਲੇ ਸਾਮਾਨ ਹਨ। ਕਈ ਵਾਰੀ ਧਰਮ ਵਿਚ ਪਰਿਪੱਕਤਾ ਅਤੇ ਦਾਨ ਦੇਣ ਦੀ ਰੁਚੀ ਦੇ ਕਾਰਨ ਵੀ ਮਨੁਖ ਅਹੰਕਾਰੀ ਹੋ ਜਾਂਦਾ ਹੈ। ਹਉਮੈ ਮਨੁਖ ਨੂੰ ਅੰਨ੍ਹਾ ਕਰ ਦੇਂਦੀ ਹੈ। ਉਹ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਡਾ ਮੰਨ ਕੇ ਕਿਸੇ ਅੱਡਰੀ ਦੁਨੀਆਂ ਦਾ ਵਾਸੀ ਬਣ ਬਹਿੰਦਾ ਹੈ। ਜਿਸ ਕਾਰਣ ਉਸਨੂੰ ਆਨੰਦ ਦੀ ਪ੍ਰਾਪਤੀ ਨਹੀਂ ਹੁੰਦੀ ਸਗੋਂ ਦੁਖਾਂ ਦਾ ਅਨੁਭਵ ਹੁੰਦਾ ਹੈ। ਅਧਿਆਤਮਕ ਪੱਖ ਤੋਂ ਤਾਂ ਇਹ ਅਤਿਅੰਤ ਹਾਨੀਕਾਰਕ ਹੈ ਕਿਉਂਕਿ "ਹਉਮੈ ਨਾਵੈ ਨਾਲ ਵਿਰੋਧ ਹੈ,ਖ਼

ਹਉਮੈ ਕਰਤ ਭੇਖੀ ਨਹੀਂ ਜਾਨਿਆ।


www.AKJ.Org

ਗੁਰਮੁਖਿ ਭਗਤਿ ਵਿਰਲੇ ਮਨੁਰ ਮਾਨਿਆ।
ਹਉ ਹਉ ਕਰਮ ਨਹੀ ਸਚੁ ਪਾਈਐ।
ਹਉਮੈ ਜਾਇ ਪਰਮ ਪਦੁ ਪਾਈਐ।

ਉਪਰੋਕਤ ਪੰਜ ਵਿਸ਼ੇ ਇੰਨੇ ਬਲਵਾਨ ਹਨ ਕਿ ਮਨੁਖ ਇਨ੍ਹਾ ਤੋ ਬਚਣ ਦਾ ਯਤਨ ਕਰਦਾ ਹੋਇਆ ਵੀ ਇਨ੍ਹਾਂ ਦੇ ਚਿੱਕੜ ਵਿਚ ਖੁਭਿਆ ਰਹਿੰਦਾ ਹੈ।

ਅਵਰਿ ਪੰਚ ਹਮ ਏਕ ਜਨਾ।
ਕਿਉ ਰਾਖਉ ਘਰ ਬਾਰੁ ਮਨਾ।
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ।

ਇਨ੍ਹਾ ਪੰਜ ਡਾਕੂਆ ਤੋਂ ਆਪਣਾ ਆਪ ਬਚਾਉਣ ਲਈ ਮਨ ਨੂੰ ਮਾਰਨਾ ਬੜਾ ਜ਼ਰੂਰੀ ਹੈ, ਪਰ ਮਨ ਕਿਵੇਂ ਮਾਰਿਆ ਜਾਵੇ ? ਗੁਰੂ ਦੇ ਹੁਕਮ ਨੂੰ ਹਿਰਦੇ ਵਿਚ ਵਸਾ ਕੇ ਅਤੇ ਨਾਲ ਇਕਰੂਪਤਾ ਪ੍ਰਾਪਤ ਕਰਕੇ।

ਨਾ ਮਨੁਮਰੈ ਨ ਕਾਰਜੁ ਹੋਇ।
ਮਨੁ ਵਸਿ ਦੂਤਾ ਦੁਰਮਤਿ ਹੋਇ।

ਇਸੇ ਲਈ ਜੋਗੀਆਂ ਨੂੰ ਵੀ ਉਪਦੇਸ਼ ਦਿਤਾ ਗਿਆ ਹੈ

ਮੁੰਦ੍ਰਾ ਤੇ ਘਟਿ ਭੀਤਰਿ ਮੁੰਦ੍ਰਾ
ਕਾਇਆ ਕੀਜੈ ਖਿੰਥਾ ਤਾ।
ਪੰਚ ਚੇਲੇ ਵਸਿ ਕੀਜਹਿ ਰਾਵਲ,
ਇਹ ਮਨੁ ਕੀਜੈ ਡੰਡਾ ਤਾ।
ਜੋਗ ਜੁਗਤਿ ਇਵ ਪਾਵਸਿਤਾ।
ਏਕੁ ਸਬਦੁ ਦੂਜਾ ਹੋਰ ਨਾਸਤਿ,
ਕੰਦ ਮੂਲਿ ਮਨ ਲਾਵਸਿਤਾ।

ਪੰਜ ਵਿਸ਼ਿਆਂ ਉਤੇ ਕਾਬੂ ਪਾਉਣ ਤੋਂ ਛੁਟ ਗੁਰਮਤਿ ਦਰਸ਼ਨ ਅਨੁਸਾਰ ਕੁੱਝ ਹੋਰ ਕਰਮ ਵੀ ਅਜੇਹੇ ਦੱਸੇ ਗਏ ਹਨ ਜਿਨ੍ਹਾ ਤੋਂ ਬਚਕੇ ਰਹਿਣਾ ਸਿੱਖ ਲਈ ਜ਼ਰੂਰੀ ਹੈ ਜਿਵੇਂ : ਚੋਰੀ, ਠੱਗੀ, ਝੂਠ ਬੋਲਣਾ, ਧੋਖਾ ਦੇਣਾ, ਪਾਖੰਡ ਕਰਨਾ, ਪਰਾਇਆ ਹੱਕ ਖੋਹਣਾ, ਜਾਤ ਪਾਤ ਦੇ ਵਿਤਕਰਿਆ ਵਿਚ ਫਸਣਾ ਆਦਿ। ਚੋਰੀ, ਠੱਗੀ, ਧੋਖੇ ਤੇ ਜ਼ੁਲਮ ਦੀ ਸਹਾਇਤਾ ਨਾਲ ਪਰਾਇਆ ਹਕ ਖੋਹਣ ਤੋਂ ਵਰਜਦਿਆ ਹੋਇਆ ਦੱਸਿਆ ਹੈ।

ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।
ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।

ਚੋਰ ਦੀ ਚੋਰੀ ਤਾ ਕਿਸੇ ਤਰ੍ਹਾ ਵੀ ਨਹੀਂ ਲੁੱਕ ਸਕਦੀ।

ਹਟ ਪਟਣ ਬਿਜ ਮੰਦਰ ਭੰਨੇ ਕਰਿ ਚੋਰੀ ਘਰਿ ਆਵੈ,
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛੁਪਾਵੈ।

ਗੁਰਮਤਿ ਅਨੁਸਾਰ ਸਾਰੇ ਮਨੁਖ ਇਕ ਸਮਾਨ ਹਨ। ਜਾਤ ਜਨਮ ਅਨੁਸਾਰ ਕੋਈ ਉੱਚਾ ਨੀਵਾ ਨਹੀਂ।

ਜਾਤ ਪਾਤ ਦੇ ਵਿਤਕਰਿਆ ਦੀ ਨਿਖੇਧੀ ਇਸ ਪ੍ਰਕਾਰ ਕੀਤੀ ਗਈ ਹੈ :

ਜਾਤੀ ਦੈ ਕਿਆ ਹਥਿ ਸਚੁ ਪਰਖੀਐ।
ਫਕੜ ਜਾਤੀ ਫਕੜੁ ਨਾਉ।
ਸਭਨਾ ਜੀਆ ਇਕਾ ਛਾਉ।
ਆਪਹੁ ਜੇ ਕੋ ਭਲਾ ਕਹਾਏ।
ਨਾਨਕ ਤਾਪਰੁ ਜਾਪੈ ਜਾ ਪਤਿ ਲੇਖੈ ਪਾਇ।

ਇਸੇ ਤਰ੍ਹਾਂ ਲੋਭ, ਕੂੜ ਠੱਗੀ, ਨਿੰਦਾ ਆਦਿ ਤੋਂ ਦੂਰ ਰਹਿਣ ਲਈ ਹੁਕਮ ਹੈ

ਲਬੁ ਕੂੜਾ ਕੂੜ ਚੂਹੜਾ ਠਗਿ ਖਾਧਾ ਮੁਰਦਾਰੁ।
ਪਰ ਨਿੰਦਾ ਪਰਮਲ ਮੁਖ ਸੁਧੀ ਅਗਨਿ ਕ੍ਰੋਧ ਚੰਡਾਲ।

ਵਿਸ਼ਿਆ ਉਤੇ ਕਾਬੂ ਪਾਉਣਾ ਜਾਂ ਮੰਦ ਕਰਮਾਂ ਤੋਂ ਦੂਰ ਰਹਿਣਾ ਹੀ ਕਾਫੀ ਨਹੀਂ ਸਗੋਂ ਅਜੇਹੇ ਗੁਣ ਵੀ ਦੱਸੇ ਗਏ ਹਨ ਜਿਨ੍ਹਾਂ ਨੂੰ ਧਾਰਣ ਕੀਤੇ ਬਿਨਾ ਅਰਥ ਅਤੇ ਪਰਮਾਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ 'ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ' ਸਿੱਖ ਧਰਮ ਦਾ ਮੂਲ ਸਿਧਾਂਤ ਹੈ ਜੋ ਸਮਾਜਵਾਦੀ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਂਦਿਆਂ ਹੋਇਆ ਨਾਲ ਨਾਲ ਅਧਿਆਤਮ ਮਾਰਗ ਦੇ ਪਾਂਧੀ ਬਣਨ ਲਈ 'ਨਾਮ' ਤੇ ਮੂਲ ਸੰਕਲਪ ਨੂੰ ਵੀ ਦ੍ਰਿੜ ਕਰਾਉਂਦਾ ਹੈ। ਵਾਸਤਵ ਵਿਚ ਮੁੱਢਲਾ ਸਿਧਾਂਤ ਨਾਮ ਹੀ ਹੈ ਜੋ ਬਾਕੀ ਸਾਰੇ ਗੁਣਾਂ ਤੇ ਸ਼ੁਭ ਕੰਮਾਂ ਦਾ ਸ੍ਰੋਤ ਹੈ। ਸਿੱਖ ਨੇ ਗੁਣ ਧਾਰਨ ਕਰਨੇ ਹਨ ਅਤੇ ਅਉਗੁਣਾ ਨੂੰ ਤਿਆਗਣਾ ਹੈ, ਇਸੇ ਲਈ ਫੁਰਮਾਨ ਹੈ :

ਜੇ ਗੁਣ ਹੋਵਨ ਸਾਜਨਾ ਮਿਲਿ ਸਾਝ ਕਰੀਜੈ।
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।

ਇਹ ਗੁਣ ਦਿਖਾਵੇ ਦੇ ਹੀ ਨਹੀਂ ਹੋਣੇ ਚਾਹੀਦੇ ਅਤੇ ਨਾ ਹੀ ਅੰਦਰਲੇ ਗੁਣਾ ਦਾ ਦਿਖਾਵਾ ਕਰਣ ਦੀ ਲੋੜ ਹੈ। ਇਸੇ ਲਈ ਬਾਹਰਲੇ ਭੇਖਾ ਨਾਲੋ ਕਰਨੀ ਉਤੇ ਬਹੁਤਾ ਜੋਰ ਦਿਤਾ ਗਿਆ ਹੈ :-

ਅਮਲੁ ਕਰਿ ਧਰਤੀ ਬੀਜੁ ਸਬਦੋ
ਸਚ ਕੀ ਆਬ ਨਿਤ ਦੇਹਿ ਪਾਣੀ।
ਹੋਇ ਕਿਰਸਾਨ ਈਮਾਨ ਜੰਮਾਇ ਲੈ,
ਭਿਸਤੁ ਦੋਜਕੁ ਮੂੜੇ ਏਵ ਜਾਣੀ।

ਜੋਗੀਆਂ ਨੂੰ ਬਾਹਰਲੇ ਭੇਖਾ ਤੋਂ ਵਰਜਦਿਆਂ ਅਤੇ ਆਂਤ੍ਰਿਕ ਗੁਣਾਂ ਦੀ ਵਿਸ਼ੇਸ਼ਤਾ ਦਰਸਾਉਂਦਿਆਂ ਲਿਖਿਆ ਹੈ


www.AKJ.Org

ਜੋਗੁ ਨ ਖਿੰਥਾ ਜੋਗੁ ਨ ਡੰਡੈ ਨ ਭਸਮ ਚੜ੍ਹਾਈਐ॥
ਜਗੁ ਨ ਮੁੰਦੀ ਮੂੰਡ ਮੁੰਡਾਇਐ ਜੋਗੁ ਨ ਸਿਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥

ਗਿਆਨ ਪ੍ਰਾਪਤ ਕਰਕੇ ਬਿਬੇਕ ਬੁਧੀ ਦਾ ਸਵਾਮੀ ਬਣਨਾ ਵੀ ਜ਼ਰੂਰੀ ਹੈ। ਬਾਹਰਲਾ ਪੁਸਤਕਾਂ ਦਾ ਗਿਆਨ ਅਸਲੀ ਗਿਆਨ ਨਹੀਂ ਸਗੋਂ ਸੱਚਾ ਗਿਆਨ ਮਨੁਖ ਨੂੰ ਆਪਣੇ ਅੰਦਰੋਂ ਮਿਲਦਾ ਹੈ ਅਤੇ ਉਸਦੀ ਪ੍ਰਾਪਤੀ ਗੁਰੂ ਦੀ ਸਿਖਿਆ ਦੁਆਰਾ ਹੀ ਹੁੰਦੀ ਹੈ।

ਮਤ ਵਿਚ ਰਤਨ ਜਵਾਹਰ ਮਾਣਕ
ਜੇ ਇਕ ਗੁਰ ਕੀ ਸਿਖ ਸੁਣੀ।

ਮਨ ਨੀਵਾ ਮਤ ਉਚੀ ਰੱਖਣੀ ਸਰਬੱਤ ਦਾ ਭਲਾ ਕਰਨ ਦੇ ਇਛੁਕ ਹੋਣਾ : ਸੱਚਾਈ, ਨਿਆ ਤੇ ਸਹਿਨ ਸ਼ੀਲਤਾ ਆਦਿ ਗੁਣ ਧਾਰਣ ਕਰਕੇ : ਨਿਮ੍ਰਤਾ, ਸੰਤੋਖ ਵੈਰਾਗ ਆਦਿ ਗੁਣਾਂ ਨਾਲ ਆਪਣੇ ਆਪ ਨੂੰ ਅਲੰਕ੍ਰਿਤ ਕਰਨ ਦਾ ਉਪਦੇਸ਼ ਹੈ। ਅਜੇਹੇ ਗੁਣਾ ਨੂੰ ਧਾਰਣ ਕਰਕੇ ਗੁਣੀ ਹੋਣ ਦਾ ਮਾਨ ਕਰਨ ਤੋਂ ਰੋਕਿਆ ਗਿਆ ਹੈ,ਸਗੋਂ ਗੁਰਵਾਕ ਹੈ

ਗੁਣ ਕਹਿ ਗੁਣੀ ਸਮਾਵਣਿਆ।

ਜੀਵ ਉਸ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ 'ਸੁਖ ਦੁਖ ਦੋਨੋ ਸਮ ਕਰਿ ਜਾਣਹਿ' ਤਾਂ ਹੀ ਬ੍ਰਹਮ ਗਿਆਨ ਨੂੰ ਪ੍ਰਾਪਤ ਹੋ ਸਕਦਾ ਹੈ।

ਗੁਰਮਤ ਅਨੁਸਾਰ ਸਾਧਾਰਣ ਧਰਮ ਜਾ ਵਿਸ਼ੇਸ਼ ਧਰਮ ਦਾ ਕੋਈ ਵਖਰੇਵਾ ਨਹੀਂ। ਉਪਰੋਕਤ ਸਿਧਾਤ ਸਾਰੇ ਮਨੁਖਾ ਲਈ ਸਾਂਝੇ ਹਨ, ਜੋ ਨਿਜੀ ਵੀ ਹਨ ਅਤੇ ਸਮਾਜਕ ਵੀ। ਫਿਰ ਵੀ ਕੁਝ ਕਰਤੱਵ ਅਜੇਹੇ ਹਨ ਜਿਨ੍ਹਾ ਦੀ ਨਿਜੀ ਪੱਖ ਤੋਂ ਮਹਾਨਤਾ ਹੈ : ਜਿਵੇਂ

ਨਾਮ ਬਾਣੀ ਦਾ ਅਭਿਆਸ, ਮਨ ਨੀਵਾਂ ਮਤ ਉਚੀ ਰਖਣੀ, ਨੇਕ ਕਮਾਈ ਕਰਨੀ, ਨਿਸ਼ਕਾਮ ਸੇਵਾ ਵਿਚ ਲੀਨ ਹੋਣਾ, ਨਸ਼ਿਆਂ ਦੀ ਵਰਤੋਂ ਤੋਂ ਪਰਹੇਜ : ਜੋ ਸਭ ਕੁਝ ਦੇਂਦਾ ਹੈ ਉਸ ਨਾਲ ਪ੍ਰੇਮ : ਨਿਸ਼ਕਾਮ ਅਤੇ ਨਿਰੰਤਰ ਪਿਆਰ ਜਿਸ ਵਿਚ ਸਭ ਕੁਝ ਪ੍ਰੀਤਮ ਤੋਂ ਨਿਛਾਵਰ ਹੋ ਜਾਵੇ। ਅਜੇਹਾ ਪ੍ਰੇਮ ਹੀ ਭਗਤੀ ਹੈ, ਪ੍ਰੇਮ ਤੋਂ ਸੱਖਣੀ ਭਗਤੀ ਨੂੰ ਸਵੀਕਾਰ ਨਹੀਂ ਕੀਤਾ ਗਿਆ। ਪਿਆਰ ਦਾ ਮੂਲ ਸ੍ਰੋਤ ਨਾਮ ਹੈ ਜੋ ਨਾਮੀ ਨਾਲ ਜੋੜ ਦੇਂਦਾ ਹੈ। ਖਾਲਸੇ ਲਈ ਨੀਯਤ ਕੀਤੀ ਰਹਿਤ ਮਰਯਾਦਾ ਵੀ ਨਿਜੀ ਕਰਤੱਵਾਂ ਵਿਚ ਹੀ ਸ਼ਾਮਿਲ ਕੀਤੀ ਜਾਂਦੀ ਹੈ।

ਮਨੁੱਖ ਇਕ ਸਮਾਜਕ ਜੀਵ ਹੈ, ਇਸ ਲਈ ਨਿਜੀ ਤੇ ਸਮਾਜਕ ਨੈਤਿਕਤਾ ਨੂੰ ਪੂਰੀ ਤਰ੍ਹਾਂ ਨਿਖੇੜਿਆ ਨਹੀਂ ਜਾ ਸਕਦਾ। ਸਮਾਜ ਵਿਚ ਹੀ ਬੰਦੇ ਦੀ ਪਰਖ ਹੁੰਦੀ ਹੈ। ਸਮਾਜਕ ਪੱਖ ਤੋਂ ਸਿਖ ਨੂੰ ਸਮਾਜਕ ਸਮਾਨਤਾ ਬਰਾਬਰੀਅਤਾ, ਭਰਾਤਰੀਅਤਾ, ਸੁੰਤਤਰਤਾ, ਸਮਾਜ-ਸੇਵਾ ਆਦਿ ਵੱਲ ਵਿਸ਼ੇਸ਼ ਧਿਆਨ ਦੇਣ ਲਈ ਆਖਿਆ ਗਿਆ ਹੈ, ਬਲ ਅਤੇ ਸਾਹਸ ਪ੍ਰਾਪਤ ਕਰਕੇ ਨਾ ਕੇਵਲ ਆਪਣੇ ਹਿੱਤਾ ਦੀ ਰਖਿਆ ਹੀ ਕੀਤੀ ਜਾਵੇ ਸਗੋਂ ਸਮਾਜ ਅਤੇ ਵਿਸ਼ਵ ਦੇ ਹਿੱਤਾ ਵਲ ਵੀ ਪੂਰਾ ਧਿਆਨ ਦਿੱਤਾ ਜਾਵੇ।

ਸਿੱਖ ਲਈ ਜਿੰਨੇ ਵੀ ਨਿਜੀ ਗੁਣ ਜ਼ਰੂਰੀ ਹਨ ਉਨ੍ਹਾ ਦੀ ਪ੍ਰਾਪਤੀ ਕਰਨ ਲਈ ਵੀ ਸਮਾਜਕ ਜੀਵਨ ਵਿਚ ਭਾਗਸ਼ੀਲ ਹੋਣਾ ਆਵਸ਼ਕ ਹੈ। ਮਿਲਕੇ ਕੀਰਤਨ ਕੀਤਿਆ ਪ੍ਰਭੂ ਨਾਲ ਲਿਵ ਜੋੜੀ ਜਾ ਸਕਦੀ ਹੈ, ਸੇਵਾ ਕਰਨੀ ਹੋਵੇ ਤਾਂ ਸਮਾਜ ਤੋਂ ਦੂਰ ਜਾ ਕੇ ਨਹੀਂ ਹੋ ਸਕਦੀ, ਸਗੋਂ ਸਮੂਹ ਦੀ ਸੇਵਾ ਸਮੂਹ ਨਾਲ ਮਿਲਕੇ ਕੀਤਿਆ ਹੀ ਲਾਭ ਪਹੁੰਚ ਸਕਦਾ ਹੈ। ਆਪਾ ਵਾਰਨ ਦਾ ਗੁਣ ਵਿਯਕਤ ਬਣ ਕੇ ਇਕਾਤ ਵਿਚ ਰਹਿੰਦਿਆ ਧਾਰਨ ਨਹੀਂ ਹੋ ਸਕਦਾ। ਗੱਲ ਕੀ ਗੁਰਮਤਿ ਅਨੁਸਾਰ ਇਕ ਸਦਾਚਾਰਕ ਵਿਅਕਤੀ ਨਿਜੀ ਅਤੇ ਸਮਾਜਕ ਗੁਣਾਂ ਦਾ ਧਾਰਨੀ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਦਰਸ਼ਕ ਮਨੁੱਖ ਅਤੇ ਆਦਰਸ਼ਕ ਸਮਾਜ ਦੀ ਸਿਰਜਨਾ ਦਾ ਕੰਮ ਆਰੰਭ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਇਹ ਮਹਾਨ ਮਿਸ਼ਨ ਸਿਖਰ ਤਕ ਪਹੁੰਚ ਚੁਕਿਆ ਸੀ ਜਿਸਨੂੰ ਸੰਪੂਰਨ ਰੂਪ ਦੇਣ ਲਈ ਭਿੰਨ ਭਿੰਨ ਜਾਤਾ ਦੇ ਵਿਰਕਿਆਂ ਦੇ ਵਿਅਕਤੀਆਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ ਖਾਲਸਾ ਸਾਜਿਆ ਗਿਆ। ਇਹ ਇਕ ਆਦਰਸ਼ਕ ਮਨੁੱਖੀ ਸਮਾਜ ਹੈ। ਸ੍ਵਾਰਥ ਰਹਿਤ ਸੰਤ-ਸਿਪਾਹੀਆ ਦਾ ਅਜੇਹਾ ਸੰਗਠਨ ਜੋ ਜਬਰ, ਜ਼ੁਲਮ, ਧੱਕੇ ਸ਼ਾਹੀ, ਅਧਰਮ, ਅਨਿਆ ਅਤੇ ਪਾਪ ਦੇ ਵਿਰੁੱਧ ਸੰਘਰਸ਼ ਕਰਦਾ ਹੈ। ਨਿਮਨ ਲਿਖਤ ਅਸੂਲ ਸਦਾ ਸਨਮੁਖ ਰਹਿੰਦਾ ਹੈ :

ਅਲਪ ਅਹਾਰ ਸੁਲਪਸੀ ਨਿੰਦਾ ਦਯਾ ਛਿਮਾ ਤਨ ਪ੍ਰੀਤ।
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ।
ਕਾਮ, ਕ੍ਰੋਧ ਹੰਕਾਰ ਲੋਭ ਹਨ, ਮੋਹ ਨਾ ਮਨ ਸਿਉ ਲਿਆਵੈ।
ਤਬ ਹੀ ਆਤਮ ਤਤੁ ਕੋ ਦਰਸੈ ਪਰਮ ਪੁਰਖ ਕਹਿ ਪਾਵੈ।

ਡਾ: ਤਾਰਨ ਸਿੰਘ ਜੀ ਦੇ ਸ਼ਬਦਾਂ ਵਿਚ ਖਾਲਸਾ ਏਕਤਾ, ਸਚਾਈ, ਸਚਨਾਤਮਕਤਾ, ਸਮਾਨਤਾ, ਸੁੰਦਰਤਾ, ਤੇ ਸਭਿਆਚਾਰ ਦਾ ਪ੍ਰਤੀਕ ਹੈ। ਜੀਵਨ ਵਿਚ ਇਹਨਾ ਕੀਮਤਾ ਤੇ ਸਦਗੁਣਾ ਦੀ ਕਮਾਈ ਹੀ ਮਨੁੱਖ ਦੇ ਆਦਰਸ਼ਕ ਸਮਾਜ ਦੀ ਬੁਨਿਆਦ ਹੈ। ਗੁਰਮਤਿ ਅਤੇ ਗੁਰਦਰਸ਼ਨ ਦਾ ਨਿਸ਼ਾਨਾ ਇਸੇ ਆਦਰਸ਼ਕ ਭਾਈਚਾਰੇ ਦਾ ਨਿਰਮਾਣ ਹੈ।

▪ ▪ ▪ ▪ ▪


www.AKJ.Org

## ਦਸਮੇਸ਼ ਜੀ ਦਾ ਹੋਲਾ ਮਹੱਲਾ

ਗੁਲਿ ਹੋਲੀ ਬਬਾਗਿ ਦਹਰ ਬੂ ਕਰਦ।
ਲਬਿ ਚੂੰ ਗੁੰਚਾ ਰਾ ਫ਼ਰਖ਼ੰਦਾ ਖ਼ੂ ਕਰਦ॥੧॥

ਹੋਲੀ ਦੇ ਫੁੱਲ ਨੇ ਜਗਤ ਦੇ ਬਾਗ਼ ਵਿਚ ਸੁਗੰਧੀ ਧੁਮਾ ਦਿਤੀ, (ਮੇਰੇ) ਡੋਡੀ ਵਾਂਗ ਮੀਚੇ ਬੁਲ੍ਹਾਂ ਨੂੰ ਸ਼ੁਭ ਮਿਜ਼ਾਜ ਬਣਾ ਦਿਤਾ।

ਗੁਲਾਬੋ ਅੰਬਰੋ ਮੁਸ਼ਕੋ ਅਬੀਰੇ,
ਚੁ ਬਾਰਾਂ ਬਾਰਿਸ਼ੇ ਅਜ਼ ਸੂ-ਬ-ਸੂ ਕਰਦ॥੨॥

ਉਸ ਨੇ ਵਰਖਾ ਵਾਂਗ ਸਾਰੇ ਪਾਸਿਆਂ ਤੋਂ ਗੁਲਾਬ, ਅੰਬਰ, ਮੁਸ਼ਕ ਤੇ ਅਬੀਰ ਦੀ ਬਾਰਸ਼ ਬਰਸਾ ਦਿਤੀ।

ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ;
ਕਿ ਹਰ ਬੇ-ਰੰਗ ਰਾ ਖ਼ੁਸ਼ ਰੰਗੋ ਬੂ ਕਰਦ॥੩॥

ਕੇਸਰ ਭਰੀ ਪਿਚਕਾਰੀ ਦੇ ਵਾਹ ਵਾਹ ! (ਕੁਰਬਾਨ ਜਾਈਏ) (ਜਿਸ ਨੇ) ਕਿ ਹਰ ਰੁੱਖੇ ਜੀਵਨ ਨੂੰ ਰੰਗੀਨ ਤੇ ਸੁਗੰਧਤ ਕਰ ਦਿਤਾ ਹੈ।

ਗੁਲਾਲ ਅਫ਼ਸ਼ਾਨੀਇ ਦਸਤਿ ਮੁਬਾਰਿਕ,
ਜ਼ਮੀਨੋ ਆਸਮਾਂ ਰਾ ਸੁਰਖ਼-ਰੂ ਕਰਦ॥੪॥

(ਉਸ ਦੇ) ਪਾਵਨ ਹੱਥਾਂ ਦੀ ਗੁਲਾਲ-ਛਿੜਕਣੀ ਨੇ ਧਰਤੀ ਤੇ ਆਕਾਸ਼ ਨੂੰ ਲਾਲੋ ਲਾਲ ਕਰ ਦਿਤਾ।

ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼,
ਚੂ ਸ਼ਾਹਮ ਜਾਮਾ ਰੰਗੀ, ਦਰ ਗੁਲੂ ਕਰਦ॥੫॥

ਜਦ ਮੇਰੇ ਸ਼ਹਿਨਸ਼ਾਹ (ਸਤਿਗੁਰੂ) ਨੇ ਗਲ ਵਿਚ ਰੰਗ ਰੰਗੀਲੜਾ ਜਾਮਾ ਪਹਿਨਿਆ ਤਾਂ ਉਸਦੀ ਕਿਰਪਾ ਨਾਲ ਦੋਵੇਂ ਜਹਾਨ ਰੰਗੀਨ ਹੋ ਗਏ।

ਕਸੇ ਕੋ ਦੀਦ ਦੀਦਾਰੇ ਮੁਕੱਦਸ,
ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ॥੬॥

ਜਿਸ ਕਿਸੇ ਮਨੁੱਖ ਨੇ ਵੀ (ਸਤਿਗੁਰੂ ਦਾ ) ਪਵਿੱਤਰ ਦਰਸ਼ਨ ਪ੍ਰਾਪਤ ਕਰ ਲਿਆ, (ਉਸ ਨੇ) ਸਚ ਮੁੱਚ ਹੀ ਜੀਵਨ-ਫਲ ਪ੍ਰਾਪਤ ਕਰ ਲਿਆ।

ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤ,
ਦਿਲਿ 'ਗੋਯਾ' ਹਮੀਂ ਰਾ ਆਰਜ਼ੂ ਕਰਦ॥੭॥

ਗੋਯਾ ਦੇ ਦਿਲ ਦੀ ਕੇਵਲ ਇਹੋ ਹੀ ਚਾਹ ਹੈ ਕਿ ਸੰਗਤ ਦੇ ਰਾਹ ਦੀ ਧੂੜ ਤੋਂ ਕੁਰਬਾਨ ਹੋ ਜਾਵੇ।

ਉਪਰੋਕਤ ਗ਼ਜ਼ਲ ਦਸਮੇਸ਼ ਜੀ ਦੇ ਅਨਿੰਨ ਪ੍ਰੇਮੀ ਤੇ ਅਰਬੀ ਫ਼ਾਰਸੀ ਦੇ ਮਹਾਨ ਵਿਦਵਾਨ ਭਾਈ ਨੰਦ ਲਾਲ ਸਿੰਘ 'ਗੋਯਾ' ਜੀ ਦੀ ਕ੍ਰਿਤ ਹੈ, ਜੋ ਕਿ ਸ੍ਰੀ ਛੱਜੂ ਰਾਮ ਗ਼ਜ਼ਨੀ ਦੇ ਨਵਾਬ ਮੁਅੱਯੁ-ਦੀਨ ਦੇ ਮੀਰ ਮੁਨਸ਼ੀ ਹੋਣਹਾਰ ਸਪੂਤ ਸਨ। ਆਪ ਦੇ ਮਾਤਾ ਪਿਤਾ ਰਾਮਾਨੰਦ ਜੀ ਦੇ ਉਪਾਸ਼ਕ ਸਨ। ਕੁਲ-ਰੀਤੀ ਅਨੁਸਾਰ ਆਪ ਨੇ ਵੈਸ਼ਨਵ ਧਰਮ ਦੀ ਦੀਖਿਆ ਨਾ ਲਈ ਤੇ ਕਾਠ ਦੀ ਕੰਠੀ ਪਾਉਣੋਂ ਇਨਕਾਰ ਕਰ ਦਿਤਾ ਤੇ ਕਿਹਾ ਕਿ ਉਸ ਨੂੰ ਆਤਮਕ ਗੁਣਾ ਦੀ ਕੰਠੀ ਪਹਿਨਾਈ ਜਾਵੇ, ਜੋ ਲੋਕ ਪਰਲੋਕ ਵਿਚ ਸਹਾਇਤਾ ਦੇ ਸਕੇ। ਉਪਰੋਕਤ ਘਟਨਾ ਤੇ ਵਾਰਤਾਲਾਪ ਭਾਈ ਸਾਹਿਬ ਦੀ ਆਤਮਕ ਸੂਝ ਬੂਝ ਦਾ ਨਿਰੂਪਣ ਕਰਾਉਂਦੀ ਹੈ, ਜੋ ਉਨ੍ਹਾ ਦੇ ਸ਼ੁਭ ਪੂਰਬਲੇ ਕਰਮਾ ਦਾ ਫਲ ਸੀ।

੧੯ ਸਾਲ ਦੀ ਉਮਰ ਸੀ ਕਿ ਮਾਤਾ ਪਿਤਾ ਜੀ ਚੜ੍ਹਾਈ ਕਰ ਗਏ। ਆਪ ਗ਼ਜ਼ਨੀ ਤੋਂ ਮੁਲਤਾਨ ਆ ਵਸੇ। ਇਥੇ ਇਕ ਗੁਰਸਿਖ ਘਰਾਣੇ ਵਿਚ ਇਨ੍ਹਾ ਦਾ ਵਿਆਹ ਹੋ ਗਿਆ। ਇਸੇ ਕਾਰਨ ਇਨ੍ਹਾ ਦੀ ਪਰਮਾਰਥੀ ਲਗਨ ਨੂੰ ਗੁਰਮਤਿ ਦਾ ਰੰਗ ਚੜ੍ਹ ਗਿਆ ਅਤੇ ਗੁਰਬਾਣੀ ਤੇ ਗੁਰ-ਇਤਿਹਾਸ ਦੀ ਖੋਜ ਕਰਦਿਆਂ ਇਹ ਸ੍ਰੀ ਅਨੰਦਪੁਰ ਸਾਹਿਬ ਪੁਜ ਗਏ। ਦਸਮੇਸ਼ ਜੀ ਦੇ ਅਲੌਕਿਕ ਦਰਸ਼ਨਾ ਨੇ ਮਨ ਤਨ ਵਿੰਨ੍ਹ ਦਿਤਾ। ਗੁਰ-ਦੀਖਿਆ ਪ੍ਰਾਪਤ ਕਰ ਕੇ ਸਰਸ਼ਾਰ ਹੋ ਗਏ। ਕੁਝ ਸਮਾਂ ਗੁਰੂ ਜੀ ਦੀ ਹਜ਼ੂਰੀ ਵਿਚ ਖ਼ੂਬ ਅਨੰਤ ਮਾਣੇ ਅਤੇ ਰੰਗ ਰਤੜੀਆਂ ਕਵਿਤਾਵਾਂ ਰਚ ਕੇ ਗੁਰੂ-ਚਰਨਾ ਦੀਆਂ ਮੌਜਾਂ ਮਾਣੀਆਂ।

ਅਨੰਦਪੁਰ ਕੁਝ ਸਮਾਂ ਠਹਿਰ ਕੇ ਆਪ ਆਗਰੇ ਵਿਖੇ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਦੇ ਮੀਰ ਮੁਨਸ਼ੀ ਜਾ ਨੀਯਤ ਹੋਏ। ਇਕੇਰਾਂ ਔਰੰਗਜ਼ੇਬ ਦੇ ਦਰਬਾਰ ਵਿਚ ਕੁਰਾਨ ਸ਼ਰੀਫ ਦੀ ਇਕ ਆਇਤ ਦੇ ਅਰਥ ਮੌਲਵੀਆਂ ਤੋਂ ਸਪੱਸ਼ਟ ਨਾ ਹੋ ਸਕੇ ਤਾਂ ਦੂਜੇ ਦਿਨ ਸ਼ਹਿਜ਼ਾਦਾ ਮੁਅੱਜ਼ਮ ਨੇ ਭਾਈ ਨੰਦ ਲਾਲ ਜੀ ਤੋਂ ਇਸ ਆਇਤ ਦੀ ਵਿਆਖਿਆ ਸਮਝ ਕੇ ਸ਼ਹਿਨਸ਼ਾਹ ਨੂੰ ਜਾ ਸੁਣਾਈ ਤਾਂ ਔਰੰਗਜ਼ੇਬ ਭਾਈ ਸਾਹਿਬ ਦੀ ਉੱਚ ਵਿਦਵਤਾ ਸੁਣ ਕੇ ਚਕ੍ਰਿਤ ਰਹਿ ਗਿਆ; ਪਰ ਉਸ ਦਾ ਹਿੰਦੂ ਹੋਣਾ ਜਾਣ ਕੇ ਉਹ ਤੁਅੱਸਬ ਦੀ ਅੱਗ ਵਿਚ ਸੜ-ਬਲ ਗਿਆ ਤੇ ਕਿਹਾ ਕਿ ਅਜਿਹੀ ਤੀਖਣ ਬੁੱਧੀ ਵਾਲਾ ਬੰਦਾ ਮੁਸਲਮਾਨ ਹੋਣਾ ਚਾਹੀਦਾ ਹੈ। ਸ਼ਹਿਜ਼ਾਦੇ ਨੇ ਘਰ ਆ ਕੇ ਭਾਈ ਸਾਹਿਬ ਨੂੰ ਸਾਰੀ ਗੱਲ ਦਸੀ ਅਤੇ ਮਨ-ਮਰਜ਼ੀ ਕਰਨ ਦੀ ਖੁੱਲ੍ਹ ਦੇ ਦਿਤੀ। ਭਾਈ ਸਾਹਿਬ ਉਥੋਂ ਨਿਰਾਸ ਹੋ ਗਏ।

ਆਪ ਨੇ ਮੁੜ ਅਨੰਦਪੁਰ ਨੂੰ ਚਾਲੇ ਪਾ ਦਿਤੇ। ਬੈਰਾਗ ਤੇ ਬਿਰਹੋਂ ਦੀਆਂ ਕਾਂਗਾਂ ਉਮਡ ਆਈਆਂ ਅਤੇ ਬਿਰਹੋਂ-ਕੁੱਠੀ ਪ੍ਰਭੂ-ਹਜ਼ੂਰੀ ਵਿਚ ਆ ਬਿਰਾਜੇ। ਇਥੇ ਪੁਜ ਕੇ ਦਿਨ ਰਾਤ ਨਾਮ-ਰੰਗਾਂ ਵਿਚ ਰਤੇ ਬਸੰਤ ਦੇ ਖੇੜੇ ਮਾਣਦੇ ਰਹੇ।

ਦਸਮੇਸ਼ ਜੀ ਵਲੋਂ ਰਚੇ ਹੋਲੇ ਮਹੱਲੇ ਦੇ ਉਚੇਰੇ ਸਮਾਗਮਾਂ ਦੀਆਂ ਮੌਜਾਂ ਨੂੰ ਤੱਕ ਤੱਕ ਤੇ ਵਿਗਸ ਵਿਗਸ ਕੇ, ਜਿਸ ਗ਼ਜ਼ਲ ਵਿਚ ਉਨ੍ਹਾ ਨੇ ਉਹ ਰੰਗ ਪੇਸ਼ ਕੀਤੇ


www.AKJ.Org

ਹਨ, ਉਹ ਡੂੰਘੇ ਆਤਮਕ ਭੇਦਾਂ ਨੂੰ ਖੋਲ੍ਹਦੀ ਹੈ।

ਆਪ ਬਿਆਨ ਕਰਦੇ ਹਨ ਕਿ ਨਾਮ ਦੀ ਰੰਗ-ਰਤੜੀ ਦਸ਼ਾ ਵਿਚ ਜਦੋਂ ਨਾਛਾ "ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ" ਮੁਸ਼ਕਦਾ ਹੈ, ਭਾਵ ਨਾਮ-ਰੂਪੀ ਹੋਲੀ ਦਾ ਫੁੱਲ ਖਿੜਦਾ ਹੈ ਤਾ ਉਸ ਦੀ ਸੁਗੰਧੀ ਦਾ ਖਿਲਾਰ ਦੂਰਾ ਦੂਰਾਂ ਤਕ ਵਾਸ਼ਨਾ ਹੀ ਵਾਸ਼ਨਾ ਕਰ ਦਿੰਦਾ ਹੈ ਅਤੇ ਅਣਖਿੜੇ ਫੁੱਲ (ਗੁੰਚੇ) ਦੀ ਤਰ੍ਹਾ ਮੀਟੇ ਹੋਏ ਬੁਲ੍ਹ ਖੇੜੇ ਵਿਚ ਆਪ-ਮੁਹਾਰੇ ਫਰਕਣ ਲੱਗ ਪੈਂਦੇ ਹਨ; ਚਿਹਰਾ ਖਿੜੇ ਹੋਏ ਫੁੱਲ ਦੀ ਨਿਆਈ ਖਿੜ ਜਾਂਦਾ ਹੈ। "ਮਨੁ ਖਿੜਿਆ ਹਰਿਆ ਬਾਗੁ" ਵਾਲੀ ਦਸ਼ਾ ਬਣ ਆਉਂਦੀ ਹੈ। ਇਸ ਨਾਮ-ਹੋਲੀ ਦੇ ਫੁੱਲ ਦੀ ਸੁਗੰਧੀ ਨੇ ਗੁਲਾਬ, ਅੰਬਰ, ਕਸਤੂਰੀ, ਅਬੀਰ ਆਦਿ ਸੁਗੰਧੀਆਂ ਦੀ ਬਾਰਸ਼, ਵਾਂਗ ਹਰ ਪਾਸੇ ਖ਼ੁਸ਼ਬੂ ਹੀ ਖ਼ੁਸ਼ਬੂ ਖਿਲਾਰ ਦਿਤੀ। ਸਤਿਗੁਰੂ ਦੀ ਇਸ ਨਾਮ-ਰੰਗੀ ਪਿਚਕਾਰੀ ਤੋਂ ਆਪ ਜੀ ਬਲਿਹਾਰੇ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਆਪ ਨੇ ਇਸ ਪਿਚਕਾਰੀ ਦੁਆਰਾ ਅਜਿਹਾ ਨਾਮ ਦਾ ਕੇਸਰ ਛਿੜਕਿਆ ਜਿਸ ਨਾਲ ਖ਼ੁਸ਼ਕ ਤੇ ਸੁੰਞੀਆਂ ਰੂਹਾਂ ਨੂੰ ਨਾਮ-ਰੰਗ ਦੇ ਖੇੜੇ ਵਿਚ ਖਿੜਾ ਤੇ ਮਹਿਕਾ ਦਿਤਾ।

ਸਤਿਗੁਰੂ ਜੀ ਨੇ ਆਪਣੇ ਪਾਵਨ-ਕਰ ਕਮਲਾਂ ਨਾਲ-ਹੋਲੀ ਦੀਆਂ ਪਿਚਕਾਰੀਆਂ ਦੁਆਰਾ ਆਪਣੇ ਪਿਆਰਿਆਂ ਨੂੰ ਸਰਸ਼ਾਰ ਕਰ ਕੇ ਉਨ੍ਹਾਂ ਦੇ ਨੈਣਾਂ ਨੂੰ ਅਜਿਹਾ ਰੰਗ-ਰੰਗਾਰੇ ਬਣਾ ਦਿਤਾ ਕਿ ਉਨ੍ਹਾਂ ਰੰਗ ਰਤਿਆ ਨੂੰ ਹਰ ਪਾਸੇ ਦੀਆਂ ਲਾਲੀਆਂ ਤੇ ਸੁਗੰਧੀਆਂ ਦਾ ਪਸਾਰਾ ਪਸਰਿਆ ਹੋਇਆ ਹੀ ਪਿਆ ਜਾਪੇ।

ਨਾਮ ਦੇ ਸੋਮੇ ਕਲਗੀਧਰ ਪਾਤਸ਼ਾਹ ਜੀ ਨੇ ਹੋਲੇ ਮਹੱਲੇ ਸਮੇਂ ਜਦੋਂ ਕਲਗੀ-ਜਿਗਾ ਵਾਲਾ ਜਾਮਾ ਜ਼ੇਬ ਤਨ ਕੀਤਾ ਅਤੇ ਸ਼ਸਤਰ ਬਸਤਰ ਸਜਾਏ ਤਾਂ ਇਸ ਦੇ ਜਲੌ ਦੇ ਤੇਜ-ਪਰਤਾਪ ਨਾਲ ਦੀਨ ਦੁਨੀਆਂ ਦੋਵੇਂ ਜਹਾਨ ਜਗਮਗਾ ਉਠੇ। ਭਾਵ ਐਸੇ ਸਤਿਗੁਰੂ ਦੀ ਆਭਾ ਦੀ ਝਾਲ ਝੱਲਣੀ ਖਰੀ ਕਠਨ ਹੈ। ਦੋ ਜਹਾਨਾਂ ਦੇ ਵਾਲੀ ਸਤਿਗੁਰੂ ਤਰੁੱਠ ਕੇ ਜਦੋਂ ਕਿਸੇ ਤੇ ਮਿਹਰਾਂ ਦੀਆ ਨਜ਼ਰਾਂ ਪਾਉਂਦੇ ਹਨ ਤਾਂ ਉਸ ਨੂੰ ਅੰਤਰ ਬਾਹਰ ਖੰਡਾਂ ਬ੍ਰਹਿਮੰਡਾਂ ਵਿਚ ਪਸਰ ਰਹੀ ਅਕਾਲੀ ਜੋਤ ਦੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ ਅਤੇ ਵਿਛੜੀ ਹੋਈ ਆਤਮਾ ਆਪਣੇ ਸੋਮੇ ਨਾਲ ਜੁੜ ਕੇ ਮਨ-ਇਛਤ ਮੁਰਾਦਾ ਪ੍ਰਾਪਤ ਕਰ ਲੈਂਦੀ ਹੈ। ਉਹ ਮਿਹਰਬਾਨ ਦ੍ਰਿਸ਼ਟੀ ਵਾਲਾ ਸਾਹਿਬ ਆਪਣੀਆਂ ਪਿਆਰੀਆਂ ਸੰਗਤਾਂ ਵਿਚ ਸਦਾ ਹਾਜ਼ਰ-ਨਾਜ਼ਰ ਵਸਦਾ ਹੈ। 'ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥"

ਭਾਈ ਨੰਦ ਲਾਲ ਜੀ ਗੋਯਾ ਇਸੇ ਕਰਕੇ ਸੰਗਤਾ ਦੀ ਚਰਨ-ਧੂੜੀ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ ਅਤੇ ਦਿਲੀ ਮੁਰਾਦ ਇਹੋ ਮੰਗਦੇ ਹਨ ਕਿ-

"ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥"

---

## ਹਰਿ-ਕੀਰਤਨ ਗੁਰਬਾਣੀ ਦਾ ਹੀ ਹੋ ਸਕਦਾ ਹੈ-

ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ "ਹਰਿ ਕੀਰਤਨ" ਦੀ ਪਦਵੀ ਪ੍ਰਾਪਤਿ ਹੈ। ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ। ਤਾਂ ਹੀ ਇਹਨਾ ਗੁਣਾ ਦਾ ਗਾਵਣਾ ਹਰਿ-ਕੀਰਤਨ ਹੈ ਅਤੇ ਗੁਰਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ-ਕੀਰਤਨ ਕਰਨਾ ਹੈ। ਗੁਰ-ਭਗਤਿ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾ ਦੁਆਰਾ ਹੀ ਸੰਭਵ ਹੈ। ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੰਫ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤ੍ਰਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰ-ਕੀਰਤਨ ਨਹੀਂ ਹੋ ਸਕਦਾ। "ਅਣਡੀਠਾ ਕਿਛੁ ਕਹਣੁ ਨ ਜਾਇ" ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਪੇਖਿਆ ਹੀ ਨਹੀਂ, ਉਹ ਉਸ ਦੀ ਸਿਫਤਿ ਸਾਲਾਹ ਹੀ ਕੀ ਕਰਿ ਸਕਦੇ ਹਨ।

ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ...॥

(੪॥੨੫॥੩੬) ਰਾਮਕਲੀ ਮ: ੫, ਪੰਨਾ ੮੯੪)

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ ਕੀਰਤਨ ਬਣ ਸਕਦੀ ਹੈ। ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲਗ ਸਕਦੀ। ਆਮ ਗੀਤਾਂ ਨੂੰ ਰਾਗਾਂ ਵਿਚ ਪਾ ਕੇ ਗਾਵਣਾ ਅਤੇ ਰਾਗ- ਵਿਦਿਆ ਘੋਖ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ, ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁਲ ਹੈ। (ਭਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਲੇਖ ਵਿਚੋਂ)


www.AKJ.Org

# ਗੁਰਸਿਖੀ ਤੇ ਸਾਂਝੀਵਾਲਤਾ

ਭਾਈ ਮਾਲਕ ਸਿੰਘ ਜੀ

ਸਭੇ ਸਾਝੀਵਾਲ ਸਦਾਇਨਿ,
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

ਮਨੁੱਖਾ ਜੀਵਨ ਦੇ ਹਰ ਪਹਿਲੂ ਵਿਚ ਬੜੀ ਤੇਜ਼ੀ ਨਾਲ ਤਬਦੀਲੀਆ ਆ ਰਹੀਆਂ ਹਨ। ਭਾਵੇਂ ਇਹ ਤਬਦੀਲੀਆਂ ਸਮਾਜਕ, ਆਰਥਕ, ਜਾ ਰਾਜਨੀਤਕ ਹੀ ਹਨ। ਵਿਸ਼ਵ ਭਰ ਦੀਆ ਸਾਰੀਆਂ ਵਡੀਆ ਨਿਕੀਆਂ ਤਾਕਤਾਂ ਏਕਤਾ, ਸ਼ਾਂਤੀ, ਅਮਨ ਤੇ ਬਰਾਬਰੀ ਲਈ ਯਤਨ ਕਰ ਰਹੀਆਂ ਹਨ: ਮਨੁੱਖ ਮਨੁੱਖ ਵਿਚ ਮਿਲਵਰਤਨ ਪੈਦਾ ਕਰਨ ਲਈ ਪ੍ਰਾਂਤ ਪ੍ਰਾਂਤ ਦੇਸ਼-ਬਦੇਸ਼ ਦੇ ਆਪਸੀ ਸੰਬੰਧ ਬਣਾਉਣ ਲਈ ਸਾਂਝੇ ਫ਼ਾਰਮੂਲੇ ਅਤੇ ਅਨੇਕ ਤਰ੍ਹਾ ਦੀਆ ਸੰਧੀਆ ਤੇ ਗਠ-ਜੋੜ ਕੀਤੇ ਜਾ ਰਹੇ ਹਨ, ਪਰ ਇਹ ਸਭ ਕੁਝ ਨਾ-ਮਾਤਰ ਹੀ ਹੈ।

ਜਿਸ ਅਖੌਤੀ ਸਾਝੀਵਾਲਤਾ ਦਾ ਅੱਜ ਸਾਰਾ ਸੰਸਾਰ ਢੰਡੋਰਾ ਪਿਟ ਰਿਹਾ ਹੈ ਓਸ ਸਾਝੀਵਾਲਤਾ ਦੀ ਸਹੀ ਅਰਥਾਂ ਵਿਚ ਨੀਂਹ ਅਜ ਤੋਂ ਪੰਜ ਸੌ ਵਰ੍ਹੇ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਮਲੀ ਤੌਰ ਤੇ ਰਖੀ। ਇੰਨੇ ਉਚੇ ਪਧਰ ਦੀ ਸਾਝੀਵਾਲਤਾ ਦੀ ਮਿਸਾਲ ਸੰਸਾਰ ਭਰ ਵਿਚ ਕਿਤੇ ਵੀ ਵੇਖਣ ਵਿਚ ਨਹੀਂ ਆਉਂਦੀ ਅਤੇ ਨਾ ਹੀ ਆ ਸਕੇਗੀ। ਇਸ ਸਾਂਝੀਵਾਲਤਾ ਦੀ ਪੱਕੀ ਬੁਨਿਆਦ ਕਾਇਮ ਰਖਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੂਰ-ਦਰਾਡੇ ਪੈਂਡੇ ਮਾਰ ਕੇ ਦੇਸ਼ਾ ਬਿਦੇਸ਼ਾ ਵਿਚ 'ਸੰਗਤ' ਤੇ 'ਪੰਗਤ' ਦੀ ਸਾਝ ਕਾਇਮ ਕੀਤੀ। ਅਕਾਲ ਪੁਰਖ ਦੀ ਦਰਗਾਹੋਂ ਲਿਆਂਦੇ ਇਸ ਮਿਸ਼ਨ ਦੀ ਸੰਪੂਰਨਤਾ ਲਈ ਨਿਰੰਕਾਰੀ ਬਾਬਾ ਜੀ ਨੇ ਦਸ ਜਾਮੇ ਧਾਰਨ ਕੀਤੇ ਅਤੇ ਸਾਝੀਵਾਲਤਾ ਦੇ ਸਾਰੇ ਅੰਗਾ ਨੂੰ ਇਨ੍ਹਾਂ ਦਸਾ ਜਾਮਿਆਂ ਅੰਦਰ ਆਪ ਧਾਰਨ ਕਰ ਕੇ ਤੇ ਕਮਾ ਕੇ, ਸੰਸਾਰ ਦੇ ਸਾਹਮਣੇ ਮਿਸਾਲ ਪੇਸ਼ ਕੀਤੀ। ਅੰਤ ਵਿਚ ਦਸਵੇਂ ਜਾਮੇ ਅੰਦਰ ਉਸ ਨੂੰ ਸੰਪੂਰਨ ਸਰੂਪ ਦੇ ਕੇ ਸਾਝੀਵਾਲਤਾ ਵਿਚ ਨਿਪੁੰਨ ਖ਼ਾਲਸਾ ਜੀ ਨੂੰ ਜਨਮ ਦਿਤਾ। ਸਾਝੀਵਾਲਤਾ ਦੇ ਵਖ ਵਖ ਪਹਿਲੂ ਹੇਠ ਲਿਖੇ ਅਨੁਸਾਰ ਹਨ-

੧ ਸਾਝੀਵਾਲਤਾ ਦਾ ਸੋਮਾ-

ਅਜ ਦੁਨੀਆ ਸਾਝੀਵਾਲਤਾ (socialism) ਦੀਆਂ ਟਾਹਰਾਂ ਮਾਰ ਮਾਰ ਫਾਹੀ ਹੋਈ ਫਿਰਦੀ ਹੈ। ਸਾਝੀਵਾਲਤਾ ਦੇ ਵਡੇ ਵਡੇ ਦੇਸ਼ਾ ਤੇ ਵਿਅੱਕਤੀਆ ਦੀ ਅਸਲੀਅਤ ਫਰੋਲਿਆ ਖ਼ੁਦਗਰਜ਼ੀ ਤੇ ਆਪਾ-ਧਾਪੀ ਹੀ ਨਿਕਲਦੀ ਹੈ। ਆਪਣੇ ਲੋਕਾ ਤੇ ਆਪਣੇ ਦੇਸ਼ ਨਾਲ ਪਿਆਰ, ਅਤੇ ਦੂਜੇ ਦੇਸ਼ਾ ਤੇ ਦੂਜੇ ਲੋਕਾ ਵੈਰ ਤੇ ਵਿਤਕਰਾ ਕਿਧਰ ਦੀ ਸਾਝੀਵਾਲਤਾ ਹੈ। ਇਹ ਤਾ ਸੋਸ਼ਲਿਜ਼ਮ ਨਾਲ ਮਖ਼ੌਲ ਹੈ, ਲੋਕਾ ਦੀ ਅੱਖੀ ਘੱਟਾ ਪਾਉਣਾ ਅਤੇ ਆਪਣੇ ਆਪ ਨੂੰ ਧੋਖਾ ਦੇਣਾ ਹੈ।

ਇਥੇ ਸਵਾਲ ਉਠਦਾ ਹੈ ਕਿ ਮੰਨੇ-ਪ੍ਰਮੰਨੇ ਦਾਨੇ-ਬੀਨੇ, ਵਡੀਆ ਵਡੀਆ ਅਕਲਾ ਤੇ ਰਾਜਨੀਤੀਆ ਦੇ ਮਾਲਕ ਅਤੇ ਸਹਸ-ਸਿਆਣਪੀ ਖੋਜਾ ਨਾਲ ਅਸਮਾਨੀਂ ਉਡਾਣਾ ਲਾਉਣ ਵਾਲੇ ਅਖੌਤੀ ਸੋਸ਼ਲਿਸਟ ਆਗੂ ਅਸਲੀਅਤ ਅਤੇ ਸੱਚੀ ਸਾਝੀਵਾਲਤਾ ਤੋਂ ਕਿਉਂ ਥਿੜਕੇ ਹੋਏ ਹਨ।

ਇਸ ਦਾ ਉਤਰ ਇਹ ਹੈ ਕਿ ਉਹ ਧਰਮ ਦੇ ਧੁਰੇ ਤੋਂ ਉਖੜੇ ਹੋਏ ਹਨ ਅਤੇ ਆਪਣੇ ਸੋਮੇ ਨਾਲੋਂ ਟੁੱਟ ਕੇ ਮਨ ਦੀਆਂ ਉਡਾਰੀਆ ਮਗਰ ਲਗੇ ਹੋਏ ਹਨ। ਧੁਰਾ ਤੇ ਸੋਮਾ ਉਹ 'ਸਚ-ਪਦਾਰਥ' ਹੈ ਜਿਸ ਤੋਂ ਇਹ ਸਾਰੀ ਕਾਇਨਾਤ ਹੋਂਦ ਵਿਚ ਆਈ ਹੈ। ਉਸ 'ਸੱਚ' ਦਾ ਅੰਸ਼ ਹਰ ਵਿਅੱਕਤੀ, ਹਰ ਵਸਤੂ, ਸਗੋਂ ਕਣ ਕਣ ਵਿਚ ਮੌਜੂਦ ਹੈ। ਉਸ ਤੋਂ ਵਿਛੜਿਆਂ ਹੋਇਆ ਜੀਵ ਭੰਬਲ-ਭੂਸੇ ਖ਼ਾਦਾ ਹੈ। ਸੋ ਸਾਝੀਵਾਲਤਾ ਦਾ ਸੋਮਾ 'ਸੱਚ' ਜਾ ਨਾਮ ਹੀ ਹੈ, ਜਿਸ ਦੇ ਅੰਦਰ ਵਸਿਆ "*ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ*" ਦਿਸ ਆਉਂਦਾ ਹੈ ਅਤੇ "*ਸਭੇ ਸਾਂਝੀਵਾਲ ਸਦਾਇਨਿ, ਤੂੰ ਕਿਸੈ ਨ ਦਿਸਹਿ ਬਾਹਰਾ ਜੀਉ*" ਦਾ ਵਰਤਾਰਾ ਵਰਤਦਾ ਹੈ।

ਸਤਿਗੁਰਾਂ ਨੇ ਆਪਣੇ ਪਰਾਏ ਤੇ ਦੇਸ਼-ਬਦੇਸਾ ਦੇ ਵਿਤਕਰਿਆਂ ਤੋਂ ਉਪਰ ਉਠ ਕੇ, ਸੱਚੀ-ਸੁੱਚੀ ਸਾਝੀਵਾਲਤਾ ਦਾ ਬੀਜ ਬੀਜਿਆ। ਇਸੇ ਸਾਝੀਵਾਲਤਾ ਦਾ ਬੀਜ ਦਾ ਇਕ ਸ਼ਗੂਫ਼ਾ ਸੀ ਕਿ ਮੈਦਾਨੇ-ਜੰਗ ਵਿਚ ਭਾਈ ਘਨੱਈਆ ਜੀ ਨੂੰ ਕੋਈ ਦੁਸ਼ਮਣ ਦਿਸਦਾ ਹੀ ਨਹੀਂ ਸੀ ਅਤੇ ਸਭ ਪਾਸੇ 'ਜਤ ਦੇਖਉ ਤਤ ਤੂ' ਹੀ ਨਜ਼ਰ ਆਉਂਦਾ ਸੀ, ਕਿਉਂਕਿ ਉਨ੍ਹਾਂ ਦਾ 'ਆਪਾ ਪਰ ਕਾ' ਮਿਟ ਚੁਕਾ ਸੀ। ਇਸੇ ਤਰ੍ਹਾ ਦੁਸ਼ਟ ਜਾਬਰਾ ਤੇ ਜਰਵਾਨਿਆਂ ਦੇ ਫੰਧੇ ਵਿਚ ਫਸੀ ਹੋਈ ਬ੍ਰਾਹਮਣੀ ਨੂੰ ਛੁਡਾਉਣ ਲਈ ਸੈਕੜੇ ਸਿੰਘਾਂ ਦਾ ਕੁਰਬਾਨ ਹੋ ਜਾਣਾ ਸੱਚਾ ਪਰਉਪਕਾਰ ਤੇ ਸਾਝੀਵਾਲਤਾ ਦਾ ਨਮੂਨਾ ਹੈ। "ਅਪਨਾ ਬਿਗਾਰਿ ਬਿਰਾਨਾ ਸਾਂਢੈ" ਵਾਲੀ ਇਹ ਭਾਵਨਾ, ਸਾਝੀਵਾਲਤਾ ਦੇ ਅਸਲੇ 'ਨਾਮ-ਬੀਜ' ਤੋਂ ਬਿਨਾ ਉਤਪੰਨ ਨਹੀਂ ਹੋ ਸਕਦੀ। ਕੁਟਲ-ਨੀਤੀਆ ਨੂੰ ਤਿਆਗਣ ਲਈ ਸਤਿਗੁਰੂ ਜੀ ਇਉਂ ਉਪਦੇਸ਼ ਕਰਦੇ ਹਨ :-

ਸਾਂਝੀ ਕਰਹੁ ਨਾਮ ਧਨੁ ਖਾਟਹੁ,
ਗੁਰ ਕਾ ਸਬਦੁ ਵੀਚਾਰੇ॥
ਛੋਡਹੁ ਕਪਟ, ਹੋਇ ਨਿਰਵੈਰਾ,
ਸੁ ਪ੍ਰਭੁ ਸੰਗਿ ਨਿਹਾਰੇ॥

੨. ਭਾਈ ਸ਼ਬਦ ਦੀ ਸਾਝ :-

ਭਾਵੇਂ ਗੁਣ, ਕਰਮ ਅਤੇ ਸੁਭਾਵ ਕਰਕੇ ਸਭ ਜੀਵ


www.AKJ.Org

ਇਕੋ ਜਿਹੇ ਨਹੀਂ ਹੋ ਸਕਦੇ, ਪਰ ਮਨੁੱਖਤਾ ਕਰਕੇ ਪ੍ਰਭੂ ਦੀ ਰਚਨਾ ਮੁਤਾਬਕ ਇਕ ਹੀ ਹਨ, ਸਭ ਬਰਾਬਰ ਹੀ ਹਨ। ਗੁਰੂ ਸਾਹਿਬ ਦਾ ਇਹ ਸਿਧਾਂਤ ਸੀ ਕਿ "ਏਕ ਨੂਰ ਤੇ ਸਭੁ ਜਗੁ ਉਪਜਿਆ" ਹੋਣ ਕਰਕੇ "ਕਉਨ ਭਲੇ ਕੋ ਮੰਦੇ" ਸਭ ਬਰਾਬਰ ਹਨ। ਕੁਲ, ਜਾਤੀ, ਧਨ ਅਤੇ ਸੰਸਾਰੀ ਮਾਣ ਮਰਤਬੇ ਕਰਕੇ ਕੋਈ ਉਚਾ ਨੀਵਾ ਨਹੀਂ, ਸਗੋਂ ਸਭ ਭਰਾ ਭਰਾ ਹਨ। ਸਤਿਗੁਰਾਂ ਨੇ ਸਭ ਨੂੰ 'ਭਾਈ' ਕਹਿ ਕੇ ਬੁਲਾਉਣ ਦਾ ਉਦੇਸ਼ ਦਿਤਾ, ਜਿਹਾ ਕਿ ਭਾਈ ਮਰਦਾਨਾ ਜੀ, ਭਾਈ ਲਹਿਣਾ ਜੀ, ਭਾਈ ਜੇਠਾ ਜੀ, ਭਾਈ ਬੁੱਢਾ ਜੀ, ਭਾਈ ਅਜਿਤਾ ਰੰਧਾਵਾ ਜੀ, ਭਾਈ ਗੁਰਦਾਸ ਜੀ, ਭਾਈ ਸਾਲ੍ਹੋ ਜੀ, ਭਾਈ ਬਹਿਲੋ ਜੀ, ਭਾਈ ਮਨੀ ਸਿੰਘ ਜੀ ਆਦਿ ਗੁਰੂ-ਘਰ ਵਿਚ ਅਨੇਕਾਂ 'ਭਾਈ' ਪਰਸਿੱਧ ਹਨ, ਜਿਨ੍ਹਾਂ ਨੂੰ ਯਾਦ ਕੀਤਿਆਂ ਹੀਅੜਾ ਖੇੜੇ ਵਿਚ ਆਉਂਦਾ ਹੈ। 'ਭਾਈ' ਸ਼ਬਦ ਦੀ ਵਰਤੋਂ ਗੁਰੂ-ਘਰ ਅੰਦਰ ਬਹੁਤ ਹੀ ਸਤਿਕਾਰ ਯੋਗ ਹੈ। ਇਸ ਸ਼ਬਦ ਦੀ ਵਰਤੋਂ ਨਾਲ ਆਪ-ਮੁਹਾਰੀ ਸਾਂਝੀਵਾਲਤਾ ਅੰਤਰ-ਆਤਮੇ ਉਪਜਦੀ ਹੈ।

**੩. ਸੰਗਤ ਦੀ ਸਾਂਝ:-**

ਇਕ ਥਾਂ ਤੇ ਇੱਕਠੇ ਹੋ ਕੇ ਬੈਠਣ ਦਾ ਨਾਂ 'ਸੰਗਤ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ ਕਿਤੇ ਵਿਚਰੇ ਉਥੇ ਧਰਮਸਾਲਾਂ ਕਾਇਮ ਕਰ ਕੇ 'ਸੰਗਤ' ਦੀ ਪੱਕੀ ਸਥਾਪਨਾ ਕੀਤੀ। ਇਸ ਤਰ੍ਹਾਂ ਨਾਲ ਵਖੋ ਵਖ ਖ਼ਿਆਲਾਂ ਤੇ ਭਾਵਨਾਵਾਂ ਵਾਲੇ ਲੋਕਾਂ ਨੂੰ ਇਕ ਸਾਂਝੇ ਅਸਥਾਨ ਤੇ ਜੋੜ ਕੇ, ਧਾਰਮਕ ਭਾਵਨਾ ਹੇਠ ਇਕ-ਸੁਰ ਹੋਣ ਦੀ ਸਾਂਝ ਪੈਦਾ ਕੀਤੀ। ਬਹੁ-ਭਾਂਤੀ ਮਨੁੱਖਾਂ ਨੂੰ ਇਕ-ਸੁਰ ਕਰਨਾ ਤੇ 'ਸੰਗਤ' ਵਿਚ ਪ੍ਰੋਣਾ ਸਾਂਝੀਵਾਲਤਾ ਦੀ ਇਕ ਬਹੁਤ ਵੱਡੀ ਕੜੀ ਹੈ। ਸਤਿਗੁਰਾਂ ਨੇ 'ਸੰਗਤ' ਵਿਚ ਧਰਮ-ਭਾਵਨਾ ਪੈਦਾ ਕਰ ਕੇ 'ਸੇਵਾ-ਭਾਵ' ਦੀ ਜਾਗ ਲਾਈ, ਜਿਸ ਨਾਲ ਖ਼ੁਦਗਰਜ਼ੀ ਤੇ ਆਪਾ-ਧਾਪੀ ਸਮੇਟੀ ਜਾਂਦੀ ਹੈ।

**੪. ਪੰਗਤ ਦੀ ਸਾਂਝ :-**

ਛੋਟੇ ਵੱਡੇ, ਉੱਚੇ ਨੀਵੇਂ ਤੇ ਅਮੀਰ ਗ਼ਰੀਬ ਦੇ ਵਿਤਕਰੇ ਨੂੰ ਛੱਡ ਕੇ, ਇਕੋ ਪਾਲ ਵਿਚ ਬੈਠ ਕੇ ਲੰਗਰ ਛਕਣ ਦਾ ਨਾਂ 'ਪੰਗਤ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸੰਗਤ' ਦੀ ਸਾਂਝੀਵਾਲਤਾ ਦੇ ਨਾਲ ਨਾਲ 'ਪੰਗਤ' ਦੀ ਸਾਂਝ ਵੀ ਥਾਂ-ਪਰ-ਥਾਂ ਕਾਇਮ ਕੀਤੀ। ਸਭ ਨੂੰ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਉਦੇਸ਼ ਦਿੱਤਾ ਅਤੇ ਇਉਂ ਊਚ ਨੀਚ ਦੇ ਵਿਤਕਰੇ ਤੇ ਜਾਤੀ-ਅਭਿਮਾਨ ਦੇ ਭਰਮ-ਭੇਦ ਮਿੱਟਾ ਕੇ ਰਖ ਦਿੱਤੇ। ਇਸ ਤਰ੍ਹਾਂ 'ਸੰਗਤ' ਤੇ 'ਪੰਗਤ' ਵਿਚ ਪ੍ਰੇਮ-ਪਿਆਰ ਦਾ ਧੁਰਵਾ ਬਝ ਗਿਆ।

**੫. ਆਸ਼ਾ, ਇਸ਼ਟ ਤੇ ਉਪਾਸ਼ਨਾ ਦੀ ਸਾਂਝ:-**

ਆਸ਼ਾ ਤੋਂ ਭਾਵ ਹੈ ਮਨੋਰਥ, ਇਸ਼ਟ ਤੋਂ ਭਾਵ ਹੈ ਪੂਜਯ-ਦੇਵ (ਜਿਸ ਦੀ ਪੂਜਾ ਕੀਤੀ ਜਾਵੇ) ਅਤੇ ਉਪਾਸ਼ਨਾ ਦੇ ਅਰਥ ਹਨ ਪੂਜਾ ਜਾਂ ਭਗਤੀ । ਗੁਰੂ ਨਾਨਕ ਦੇਵ ਜੀ ਨੇ ਸਾਰੀ ਲੁਕਾਈ ਨੂੰ ਇਕ ਸਾਂਝਾ 'ਆਸ਼ਾ' ਦਿਤਾ, ਜਿਸ ਦਾ ਦਰ ਹਰੇਕ ਲਈ ਖੁਲ੍ਹਾ ਹੈ। ਇਸ ਮਨੋਰਥ ਲਈ ਸਤਿਗੁਰਾਂ ਨੇ ਮਨੁੱਖ ਮਾਤਰ ਦੇ ਭਲੇ ਲਈ ਸੱਚੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਖਸ਼ੇ, ਜਿਨ੍ਹਾਂ ਵਿਚ ਸਾਂਝੀਵਾਲਤਾ ਦੀ ਤਸਵੀਰ ਮੂੰਹੋਂ ਪਈ ਬੋਲਦੀ ਹੈ। ਇਸ ਰੱਬੀ ਕਲਾਮ ਵਿਚ ਸਾਂਝ ਪਾਉਣ ਵਾਲੇ ਚਹੁੰ ਵਰਨਾਂ ਦੇ ਸੰਤਾਂ ਭਗਤਾਂ ਦੀ ਬਾਣੀ ਸ਼ਾਮਲ ਹੈ, ਜਿਹਾ ਕਿ ਕਬੀਰ ਜੋਲਾਹਾ, ਰਵਿਦਾਸ ਚਮਿਆਰ, ਧੰਨਾ ਜੱਟ, ਸੈਣ ਨਾਈ, ਨਾਮਦੇਵ ਛੀਂਬਾ, ਸ਼ੇਖ਼ ਫ਼ਰੀਦ, ਜੈਦੇਵ ਤੇ ਰਾਮਾਨੰਦ ਬ੍ਰਾਹਮਣ, ਸਤਾ ਬਲਵੰਡ ਡੂਮ (ਮਿਰਾਸੀ) ਅਤੇ ਭੱਟਾਂ ਦੇ ਨਾਂ ਵਰਨਣ ਯੋਗ ਹਨ।

ਉਪਾਸਨਾ ਦੀ ਸਾਂਝੀਵਾਲਤਾ ਸਤਿਗੁਰੂ ਜੀ ਦੀ ਹੇਠ ਲਿਖਿਆ ਫ਼ੁਰਮਾਨ ਸਪਸ਼ੱਟ ਕਰਦਾ ਹੈ-

**ਹੋਇ ਇਕਤ੍ਰ ਮਿਲਹੁ ਮੇਰੇ ਭਾਈ,**
**ਦੁਬਿਧਾ ਦੂਰਿ ਕਰਹੁ ਲਿਵ ਲਾਇ॥**
**ਹਰਿ ਨਾਮੈ ਕੇ ਹੋਵਹੁ ਜੋੜੀ,**
**ਗੁਰਮੁਖਿ ਬੈਸਹੁ ਸਫਾ ਵਿਛਾਇ॥**

ਸੋ ਉਪਾਸਨਾ ਜਾਂ ਭਗਤੀ ਲਈ ਭੀ ਸੰਗਤ ਦੀ ਸਾਂਝ ਅਤਿ ਜ਼ਰੂਰੀ ਦਰਸਾਈ ਹੈ, ਇਸੇ ਆਸ਼ੇ ਨੂੰ ਮੁਖ ਰਖਦਿਆਂ ਜੁੜ ਬੈਠਣ ਲਈ ਥਾਂ ਥਾਂ ਤੇ ਧਰਮਸਾਲਾਂ ਤੇ ਸੰਗਤਾਂ ਕਾਇਮ ਕੀਤੀਆਂ।

**੬. ਖਾਣ-ਪਾਣ ਤੇ ਪਹਿਰਣ ਵਿਚ ਸਾਂਝ:-**

ਸਤਿਗੁਰਾਂ ਨੇ ਖਾਣ-ਪਾਣ ਲਈ ਸਾਂਝੇ ਲੰਗਰ ਦੀ ਨੀਂਹ ਰਖੀ ਅਤੇ ਵੰਡ ਛਕਣ ਦਾ ਸਬਕ ਸਿਖਾਇਆ। ਇਸ ਲੰਗਰ ਵਿਚ ਸਰਬੱਤ ਲੁਕਾਈ ਲਈ ਸਾਂਝੀਆਂ ਰਸਦਾਂ ਤੇ ਭੋਜਨ ਆਦਿ ਵਰਤਾਉਣ ਦੀ ਰੀਤ ਚਲਾਈ ਅਤੇ ਘਿਰਣਤ ਖਾਣਿਆਂ ਪੀਣਿਆਂ ਸ਼ਰਾਬ ਕਬਾਬ ਆਦਿ ਦੀ ਥਾਂ, ਅੰਮ੍ਰਿਤ-ਭੋਜਨ ਤ੍ਰਿਹਾਵਲ (ਕੜਾਹ ਪ੍ਰਸ਼ਾਦ) ਤੇ 'ਅੰਮ੍ਰਿਤ ਖੀਰ ਘਿਆਲੀ' ਬਖਸ਼ੇ; ਜਿਨ੍ਹਾਂ ਨੂੰ ਬੱਚੇ, ਬੁੱਢੇ ਤੇ ਨੌਜੁਵਾਨ ਸਭ ਛਕ ਕੇ ਅਨੰਦ ਮਾਣਦੇ ਹਨ।

ਪਹਿਰਾਵੇ ਦੀ ਸਾਂਝ ਕਾਇਮ ਕਰਨ ਲਈ ਦਸਵੇਂ ਸ੍ਰੀ ਗੁਰੂ ਨਾਨਕ ਨੇ ਮੁਕੰਮਲ ਸਾਂਝੀ ਵਰਦੀ ਬਖਸ਼ੀ, ਜਿਹੜੀ ਕਿ ਹਰ ਖੇਤਰ ਵਿਚ, ਹਰ ਸਮੇਂ ਲਈ, ਹਰ ਤਰ੍ਹਾਂ ਪੂਰਨ ਤੇ ਸਰੀਰਕ ਲੋੜ ਅਨੁਸਾਰ ਹੈ। ਸੇਵਾ ਦੇ ਖੇਤਰ ਵਿਚ, ਮੈਦਾਨੇ ਜੰਗ ਵਿਚ, ਕਾਰ-ਵਿਹਾਰ ਵਿਚ ਅਤੇ ਪੂਜਾ-ਪਾਠ ਵਿਚ


www.AKJ.Org

ਇਹ ਵਰਦੀ ਇਕ-ਸਮਾਨ ਹੈ।

੭.ਉਪਦੇਸ਼ ਦੀ ਸਾਂਝ :-

-"ਖਤ੍ਰੀ ਬ੍ਰਹਮਣ ਸੂਦ ਵੈਸ,
ਉਪਦੇਸੁ ਚਹੁ ਵਰਨਾ ਕਉ ਸਾਝਾ॥"
-"ਖਤ੍ਰੀ ਬ੍ਰਹਮਣੁ ਸੂਦੁ ਵੈਸੁ,
ਕੋ ਜਾਪੈ ਹਰਿ ਮੰਤ੍ਰੁ ਜਪੈਨੀ॥"

ਸਤਿਗੁਰਾਂ ਦਾ ਉਪਦੇਸ਼ ਚਹੁੰ ਵਰਨਾਂ ਲਈ ਸਾਂਝਾ ਹੈ। ਹਰੇਕ ਮਨੁੱਖ ਲਈ ਇਸ ਨੂੰ ਗ੍ਰਹਿਣ ਕਰਨ ਦਾ ਹੱਕ ਇਕੋ ਜਿਹਾ ਹੈ; ਕਿਸੇ ਖ਼ਾਸ ਤਬਕੇ ਜਾਂ ਵਿਅੱਕਤੀ ਨੂੰ ਕੋਈ ਵਿਸ਼ੇਸ਼ਤਾ ਨਹੀਂ ਦਿਤੀ ਗਈ। ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਚਹੁੰ ਦਿਸ਼ਾ ਦੇ ਚਾਰੇ ਦਰਵਾਜ਼ੇ ਇਸੇ ਗੱਲ ਦੇ ਸੂਚਕ ਹਨ ਕਿ ਇਹ ਸਭ ਵਰਨਾਂ ਲਈ ਖੁਲ੍ਹੇ ਹਨ। ਇਸੇ ਤਰ੍ਹਾਂ ਹੀ ਅੰਮ੍ਰਿਤ-ਸਰੋਵਰ ਵੀ ਸਾਂਝੀਵਾਲਤਾ ਦਾ ਪਰਤੱਖ ਨਮੂਨਾ ਪੇਸ਼ ਕਰ ਰਿਹਾ ਹੈ। ਦੇਸ਼ਾਂ ਦੇਸ਼ਾਂਤਰਾਂ ਤੋਂ, ਵਖ ਵਖ ਕੌਮਾਂ, ਧਰਮਾ ਤੇ ਖ਼ਿਆਲਾਂ ਦੇ ਲੋਕੀ ਇਥੋਂ ਦੀ ਯਾਤਰਾ ਕਰਨ ਆਉਂਦੇ ਹਨ, ਦਰਸ਼ਨ-ਇਸ਼ਨਾਨ ਕਰ ਕੇ ਗਦ ਗਦ ਹੁੰਦੇ ਤੇ ਮਨ-ਬਾਂਛਤ ਫਲ ਪਾਉਂਦੇ ਹਨ। ਸਾਂਝੀਵਾਲਤਾ ਦੀ ਇਹ ਆਪਣੀ ਮਿਸਾਲ ਆਪ ਹੀ ਹੈ, ਹੋਰ ਕੋਈ ਇਸ ਦਾ ਸਾਨੀ ਨਹੀਂ ਹੋ ਸਕਦਾ। ਇਸੇ ਪ੍ਰਥਾਇ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ-

*'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।'*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਤੇ ਸ੍ਰੀ ਅੰਮ੍ਰਿਤ-ਸਰੋਵਰ ਦੀ ਰਚਨਾ ਦੇ ਨਾਲ ਹੀ ਅੰਮ੍ਰਿਤਸਰ ਦੀ ਨਗਰੀ ਵਸਾਉਣੀ ਅਰੰਭ ਦਿਤੀ। ਇਸ ਨਗਰੀ ਵਿਚ ੫੨ ਜਾਤਾਂ ਦੇ ਵਖ ਵਖ ਕਿਤਿਆਂ ਵਾਲੇ ਲੋਕਾਂ ਨੂੰ ਲਿਆ ਕੇ ਵਸਾਇਆ ਅਤੇ ਸਾਂਝੇ ਅਸਥਾਨ ਦੀ ਕਿਰਤ ਵਿਚ ਸਭ ਦੀ ਸਾਂਝ ਪਵਾਈ।

੮. ਪੰਚਾਇਤ ਦੀ ਸਾਂਝ :-

ਅੱਜ ਥਾਂ ਥਾਂ ਤੇ ਪੰਚਾਇਤੀ ਰਾਜਾਂ ਤੇ ਪੰਚਾਇਤੀ ਫ਼ੈਸਲਿਆਂ ਨੂੰ ਵਿਸ਼ੇਸ਼ਤਾ ਦਿਤੀ ਜਾ ਰਹੀ ਹੈ। ਦਸਮੇਸ਼ ਪਿਤਾ ਜੀ ਨੇ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਇਕ ਨਮੂਨੇ ਦੀ ਪੰਚਾਇਤ ਦੀ ਬੇਮਿਸਾਲ ਚੋਣ ਕੀਤੀ ਸੀ, ਅਤੇ ਸੋਸ਼ਲਿਜ਼ਮ ਦਾ ਮੁੱਢ ਬੱਧਾ ਸੀ। ਇਸ ਪੰਚਾਇਤ ਵਿਚ ਵਖ ਵਖ ਪ੍ਰਾਂਤਾਂ, ਵਖ ਵਖ ਜਾਤਾ ਅਤੇ ਵਖ ਵਖ ਬੋਲੀਆਂ ਵਾਲੇ ਪੰਜ ਵਿਅਕਤੀ ਚੁਣੇ ਗਏ, ਜਿਨ੍ਹਾਂ ਨੂੰ ਪੰਜਾ ਪਿਆਰਿਆਂ ਦੇ ਨਾਮ ਨਾਲ ਪਿਆਰਿਆ ਗਿਆ। ਪੰਜਾਂ ਦੇ ਇਸ ਕਮਿਸ਼ਨ ਦਾ ਪਹਿਲਾ ਹੁਕਮ ਸਤਿਗੁਰੂ ਜੀ ਨੇ ਆਪ ਮੰਨਿਆ ਅਤੇ ਸਰਬੱਤ ਖ਼ਾਲਸੇ ਨੂੰ ਪੰਜਾ ਦੇ ਹੁਕਮ ਮੰਨਣ ਦੀ ਤਾਕੀਦ ਕੀਤੀ।

੯. ਬਾਟੇ ਦੀ ਸਾਂਝ :-

ਕਲਗੀਧਰ ਪਿਤਾ ਜੀ ਨੇ ਅੰਮ੍ਰਿਤ ਤਿਆਰ ਕਰ ਕੇ, ਅਭਿਲਾਖੀਆਂ ਨੂੰ ਇਕੋ ਬਾਟੇ ਵਿਚ ਛਕਾ ਕੇ, 'ਏਕ ਪਿਤਾ ਏਕਸ ਕੇ ਹਮ ਬਾਰਿਕ' ਵਾਲੀ ਸਾਂਝ ਪੈਦਾ ਕਰ ਦਿਤੀ। ਇਸਤ੍ਰੀ ਪੁਰਸ਼ ਦੋਹਾਂ ਨੂੰ ਸਾਂਝੀ ਗੁੜ੍ਹਤੀ, ਸਾਂਝਾ ਉਪਦੇਸ਼, ਸਾਂਝੀ ਰਹਿਤ-ਰਹਿਣੀ ਬਖਸ਼ ਕੇ ਸਮਾਨਤਾ ਦਿਤੀ ਅਤੇ ਸਭ ਤਰ੍ਹਾਂ ਦੇ ਭਰਮ-ਭੇਦ ਤੇ ਵਿਤਕਰੇ ਦੂਰ ਕਰ ਦਿਤੇ, ਜਦੋਂ ਕਿ ਦੂਜੇ ਧਰਮਾਂ ਜਾਂ ਮਜ਼ਹਬਾਂ ਵਿਚ ਇਸਤ੍ਰੀ ਜਾਤੀ ਨੂੰ ਇਹ ਬਰਾਬਰੀ ਪ੍ਰਾਪਤ ਨਹੀਂ ਹੈ।

ਸਤਿਗੁਰੂ ਜੀ ਨੇ ਸਾਂਝੀਵਾਲਤਾ ਵਿਚ ਪ੍ਰੀਵਰਤਨ ਲਿਆਉਣ ਵਾਲਾ ਇਕ ਕਦਮ ਹੋਰ ਪੁਟਿਆ। ਉਹ ਇਹ ਕਿ ਸਭ ਮਰਦਾਂ ਦੇ ਨਾਵਾਂ ਨਾਲ 'ਸਿੰਘ' ਸ਼ਬਦ ਅਤੇ ਇਸਤ੍ਰੀਆਂ ਦੇ ਨਾਵਾਂ ਨਾਲ 'ਕੌਰ' ਸ਼ਬਦ ਜੋੜ ਕੇ, ਨਾਵਾਂ ਦੀ ਸਮਾਨਤਾ ਪੈਦਾ ਕਰ ਦਿਤੀ। ਇਹ ਨਵੀਂ ਰਹੁ-ਰੀਤ ਹੈ, ਜੋ ਦੁਨੀਆ ਭਰ ਵਿਚ ਹੋਰ ਕਿਤੇ ਨਹੀਂ ਮਿਲਦੀ।

੧੦. ਅਰਦਾਸ ਵਿਚ ਸਾਂਝੀਵਾਲਤਾ:-

ਜਗਤੁ ਜਲੰਦਾ ਰਖਿ ਲੈ, ਅਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ॥
(ਮ:੩)

ਸਭੇ ਜੀਅ ਸਮਾਲਿ, ਅਪਣੀ ਮਿਹਰ ਕਰੁ॥
ਅੰਨੁ ਪਾਣੀ ਮੁਚੁ ਉਪਾਇ, ਦੁਖ ਦਾਲਦੁ ਭੰਨਿ ਤਰੁ॥
(ਸਲੋਕ ਮ: ੫)

ਗੁਰੂ ਘਰ ਵਿਚ ਅਰਦਾਸ ਦੀ ਖ਼ਾਸ ਮਹੱਤਤਾ ਹੈ ਅਤੇ ਸੋਸ਼ਲਿਜ਼ਮ ਦੀ ਇਹ ਇਕ ਬੜੀ ਵੱਡੀ ਕੜੀ ਹੈ, ਕਿਉਂਕਿ ਸੜਦੇ ਬਲਦੇ ਸੰਸਾਰ ਦੀ ਪੀੜਾ ਨੂੰ ਹਰਨ ਲਈ ਕਰਤਾ ਪੁਰਖ ਅੱਗੇ ਜੋਦੜੀ ਕੀਤੀ ਜਾਂਦੀ ਹੈ। ਸਤਿਗੁਰਾਂ ਦੀ ਸਮੁੱਚੀ ਬਾਣੀ ਹੀ ਅਰਦਾਸ ਸਰੂਪ ਹੈ ਅਤੇ ਮਨੁੱਖ ਮਾਤਰ ਦੇ ਭਲੇ ਲਈ ਉਚਾਰਨ ਹੋਈ ਹੈ। ਜਿਥੇ ਸਮੁੱਚੇ ਸੰਸਾਰ ਦੇ ਪਰਲੋਕ ਦੇ ਭਲੇ ਦੀ ਮੰਗ ਕੀਤੀ ਗਈ ਹੋਵੇ ਉਸ ਤੋਂ ਵਧ ਕੇ ਕੀ ਸਾਂਝੀਵਾਲਤਾ ਹੋ ਸਕਦੀ ਹੈ। ਸਾਰੇ ਸੰਸਾਰ ਦਾ ਦਰਦੀ ਸਤਿਗੁਰੂ ਨਾਨਕ ਕਰਤਾ-ਪੁਰਖ ਅੱਗੇ ਇਉਂ ਪੁਕਾਰ ਕਰਦਾ ਹੈ-

ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦੁ ਨ ਆਇਆ॥
(ਆਸਾ ਮ:੧)

ਸੰਸਾਰੀ ਜੀਵ ਆਪੋ ਆਪਣੇ ਭਲੇ ਲਈ ਅਰਦਾਸਾਂ ਕਰਦੇ ਹਨ, ਪਰ ਗੁਰੂ-ਘਰ ਵਿਚ ਨਿਤਾਪ੍ਰਤਿ "ਨਾਨਕ ਨਾਮ

(ਬਾਕੀ ਪੰਨਾ ੨੭ ਤੇ ...)


www.AKJ.Org

# ਹੋਲਾ-ਮਹੱਲਾ ਜ਼ਰੂਰ ਮਨਾਈਏ

## ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤਾਂ ਦੀ ਸੇਵਾ ਵਿਚ ਬੇਨਤੀ

(ਭਾਈ ਸਰਬਜੀਤ ਸਿੰਘ)

ਹੋਲਾ-ਮਹੱਲਾ ਸਾਡਾ ਇੱਕ ਅਹਿਮ ਦਿਹਾੜਾ ਹੈ। ਜੋ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ (ਹੋਲਗੜ੍ਹ) ਦੇ ਸਥਾਨ ਤੇ ਸਭ ਤੋਂ ਪਹਿਲੀ ਵਾਰ ਚੇਤਵਦੀ ਏਕਮ ਸੰਮਤ 1757 ਨੂੰ ਮਨਾਇਆ ਸੀ ਅਤੇ ਹੁਕਮ ਕੀਤਾ ਕਿ ਖਾਲਸਾ ਹੋਲੀ ਦੇ ਪ੍ਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਉਹ ਹੋਲਾ ਮਨਾਉਂਦਾ ਹੈ, ਜਿਸ ਰਾਹੀਂ ਚੜ੍ਹਦੀ ਕਲ੍ਹਾ ਦਾ ਅਹਿਸਾਸ ਪੈਦਾ ਹੁੰਦਾ ਹੈ ਅਤੇ ਨਰੋਆ ਸਰੀਰ ਰੱਖਣ ਲਈ ਪ੍ਰੇਰਣਾ ਮਿਲਦੀ ਹੈ।

ਮਹਾਨ ਵਿਦਵਾਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਯੁੱਧ ਵਿਦਿਆ ਦੇ ਅਭਿਆਸ ਨੂੰ ਨਿੱਤ ਨਵਾ ਰੱਖਣ ਵਾਸਤੇ ਕਲਗੀਧਰ ਜੀ ਦੀ ਚਲਾਈ ਹੋਈ ਰੀਤ ਅਨੁਸਾਰ 'ਚੇਤ ਵਦੀ ਇੱਕ ਨੂੰ ਸਿੱਖਾਂ ਵਿੱਚ ਹੋਲਾ-ਮਹੱਲਾ ਹੁੰਦਾ ਹੈ *ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ।* ਮਹੱਲਾ ਇੱਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਪੈਦਲ, ਘੋੜ-ਸਵਾਰ ਤੇ ਸ਼ਸਤਰਧਾਰੀ ਸਿੰਘ ਦੋ ਪਾਸਿਆਂ ਤੋਂ ਇੱਕ ਖਾਸ ਹਮਲੇ ਦੀ ਥਾ ਉਤੇ ਹਮਲਾ ਕਰਦੇ ਹਨ। ਕਲਗੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸੁਭ ਸਿੱਖਿਆ ਦਿਆ ਕਰਦੇ ਸਨ। ਜਿਹੜਾ ਦਲ ਜੇਤੂ ਹੁੰਦਾ ਉਸ ਨੂੰ ਦੀਵਾਨ 'ਚ ਸਿਰੋਪਾ ਬਖਸ਼ਦੇ ਸਨ। ਪਰ ਅਸੀ ਸਾਲ ਪਿਛੋਂ ਇਹ ਰਸਮ ਨਾਮ ਮਾਤ੍ਰ ਕਰ ਛੱਡਦੇ ਹਾਂ, ਲਾਭ ਕੁਝ ਨਹੀਂ ਉਠਾਉਂਦੇ, ਹਾਲਾਂ ਕਿ ਸ਼ਸਤਰ-ਵਿਦਿਆ ਤੋਂ ਅਨਜਾਣ ਸਿੱਖ, ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ।"

ਇਸੇ ਵਿਸ਼ੇ ਤੇ ਭਾਈ ਸਾਹਿਬ ਹੋਰ ਲਿਖਦੇ ਹਨ:- "ਸ਼ੋਕ ਹੈ ਕਿ ਹੁਣ ਸਿੱਖਾਂ ਨੇ ਸ਼ਸਤਰ ਵਿਦਿਆ ਨੂੰ ਅਪਣੀ ਕੌਮੀ ਵਿਦਿਆ ਨਹੀਂ ਸਮਝਿਆ। ਸਿਰਫ਼ ਫੌਜੀਆਂ ਦਾ ਕਰਤੱਬ ਮੰਨ ਲਿਆ ਹੈ ਜਦ ਦਸਮੇਸ਼ ਜੀ ਦਾ ਉਪਦੇਸ਼ ਹੈ ਕਿ ਹਰ ਇੱਕ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ।"

ਅੱਜ ਲੋੜ ਹੈ ਜਿੱਥੇ ਸਾਡੇ ਗੁਰਦੁਆਰਾ ਸਾਹਿਬਾਨ ਵਿਖੇ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਏ ਜਾਂਦੇ ਹਨ, ਸ਼ਹੀਦਾਂ ਦੇ ਸ਼ਹੀਦੀ ਦਿਨ ਮਨਾਏ ਜਾਂਦੇ ਹਨ, ਖਾਲਸੇ ਦਾ ਜਨਮ ਦਿਹਾੜਾ ਵਿਸਾਖੀ ਮਨਾਇਆ ਜਾਂਦਾ ਹੈ, 'ਕਿਉਂ ਨਾ ਹਰ ਮੁਹੱਲੇ, ਇਲਾਕੇ ਵਿਖੇ ਗੁਰਦੁਆਰਾ ਸਾਹਿਬਾਨ ਵੱਲੋਂ ਹੋਲਾ-ਮਹੱਲਾ ਵੀ ਮਨਾਇਆ ਜਾਵੇ। ਹੋਲਾ-ਮਹੱਲਾ ਮਨਾਉਣਾ ਗੁਰੂ ਸਾਹਿਬ ਦਾ ਹੁਕਮ ਹੈ ਅਤੇ ਸਾਨੂੰ ਇਸ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ।

ਇਸ ਕਾਰਜ ਲਈ ਹਰ ਗੁਰਦੁਆਰਾ ਸਾਹਿਬਾਨ ਹੋਲੇ-ਮਹੱਲੇ ਵਾਲੇ ਦਿਨ ਜਾਂ ਕਿਸੇ ਹੋਰ ਯੋਗ ਦਿਨ ਇਲਾਕੇ ਦੇ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਅਤੇ ਬੀਬੀਆਂ ਦੇ ਵੱਖ ਵੱਖ ਮੁਕਾਬਲੇ ਕਰਵਾਉਣ। ਇਨ੍ਹਾਂ ਮੁਕਾਬਲਿਆਂ ਵਿੱਚ ਬਜ਼ੁਰਗਾਂ ਲਈ ਚਲਨਾ, ਤੇਜ਼ ਚਲੱਣਾ, ਆਦਿ ਖੇਡਾਂ ਸ਼ਾਮਲ ਹੋ ਸਕਦੀਆਂ ਹਨ। ਬੱਚਿਆਂ ਅਤੇ ਨੌਜਵਾਨਾਂ ਲਈ ਦੌੜਾਂ, ਪੁੱਠੀਆਂ ਦੌੜਾਂ, ਰੋਕ ਦੌੜ, ਲੰਮੀ ਛਾਲ, ਕਬੱਡੀ, ਖੋ-ਖੋ, ਰੱਸਾਕੱਸੀ ਆਦਿ ਖੇਡਾਂ ਖੇਡੀਆਂ ਜਾ ਸਕਦੀਆਂ ਹਨ।

ਹੋਲਾ-ਮਹੱਲਾ ਵਾਲੇ ਦਿਨ ਗੱਤਕਾ ਪ੍ਰਦਰਸ਼ਨ ਵੀ ਕਰਵਾਏ ਜਾ ਸਕਦੇ ਹਨ। ਇਸ ਨਾਲ ਨੌਜਵਾਨਾਂ ਵਿੱਚ ਗੱਤਕਾ ਖੇਡਣ ਦੀ ਰੁਚੀ ਪ੍ਰਬਲ ਅਤੇ ਨਿਡਰਤਾ ਦਾ ਅਹਿਸਾਸ ਪੈਦਾ ਹੋਵੇਗਾ। ਅੱਜ ਜਦ ਸਾਰਾ ਸੰਸਾਰ ਜੂਡੋ ਕਰਾਟੇ ਅਤੇ ਹੈਲਥ ਕਲੱਬਾਂ ਰਾਹੀਂ ਸਰੀਰਕ ਤੰਦਰੁਸਤੀ ਅਤੇ ਆਤਮ-ਨਿਰਭਰਤਾ ਲਈ ਕਿੰਨੇ-ਕਿੰਨੇ ਪੈਸੇ ਖਰਚ ਕਰਕੇ ਵਿਸ਼ੇਸ਼ ਉਪਰਾਲੇ ਕਰ ਰਿਹਾ ਹੈ ਤਾਂ ਫਿਰ ਸਾਨੂੰ ਆਪਣੇ ਵਿਰਸੇ ਵਿੱਚ ਮਿਲ ਹੋਲੇ-ਮਹੱਲੇ ਨੂੰ ਵਿਸਾਰਣ ਦਾ ਕੋਈ ਅਧਿਕਾਰ ਨਹੀਂ। ਗੱਤਕਾ ਪ੍ਰਦਰਸ਼ਨ ਸਾਡੇ ਅੰਦਰ ਸ਼ਸ਼ਤਰ ਵਿੱਦਿਆ ਸਿੱਖਣ ਦਾ ਚਾਅ ਪੈਦਾ ਕਰੇਗਾ।

ਹੋਰ ਵੀ ਚੰਗਾ ਹੋਵੇ ਜੇਕਰ ਅਸੀਂ ਇਸ ਮੌਕੇ ਤੇ ਨੌਜਵਾਨਾਂ ਦੇ ਘੋਲ ਵੀ ਕਰਵਾ ਸਕੀਏ। ਇਸ ਲਈ ਭਾਵੇਂ ਆਰੰਭ ਵਿੱਚ ਘੋਲ-ਘੁਲਣ ਵਾਲੇ ਨੌਜਵਾਨਾਂ ਨੂੰ ਬੁਲਾਇਆ ਜਾਵੇ ਅਤੇ ਹੌਲੀ-ਹੌਲੀ ਇਲਾਕੇ ਦੇ ਨੌਜਵਾਨਾਂ ਨੂੰ ਇਸ ਦਿਨ ਘੋਲ-ਘੁਲਣ ਲਈ ਉਤਸ਼ਾਹਿਤ ਕੀਤਾ ਜਾਵੇ। ਹੋਲਾ-ਮਹੱਲਾ ਦੀਆਂ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਜੇਤੂ ਵੀਰਾਂ ਭੈਣਾਂ ਨੂੰ ਖੂਬਸੂਰਤ ਇਨਾਮ ਦੇਣ ਨਾਲ ਉਨ੍ਹਾ ਵਿੱਚ ਇਸ ਪੁਰਬ ਲਈ ਉਤਸ਼ਾਹ ਹੋਰ ਵਧੇਗਾ।

ਪੰਥ ਦਰਦੀ ਅਤੇ ਸਮਾਜ-ਸੇਵੀ ਵੀਰੋ ਭੈਣੋਂ ਉਠੋ, ਜਾਗੋ, ਵੇਲਾ ਸੰਭਾਲੋ ਅਤੇ ਆਪਣੇ ਇਲਾਕੇ ਦੇ ਪ੍ਰਬੰਧਕ ਸਾਹਿਬਾਨ ਨੂੰ ਬੇਨਤੀ ਅਤੇ ਪ੍ਰੇਰਨਾ ਕਰਕੇ ਇਸ ਹੋਲੇ-ਮਹੱਲੇ ਦੇ ਵਿਸਰ ਰਹੇ ਸੰਕਲਪ ਨੂੰ ਦੋਬਾਰਾ ਸੰਭਾਲੋ। ਅੱਜ ਹੋਲਾ-ਮਹੱਲਾ ਕੇਵਲ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ, ਹਜ਼ੂਰ ਸਾਹਿਬ ਜਾਂ ਦਮਦਮਾ ਸਾਹਿਬ ਆਦਿ ਇਤਿਹਾਸਕ ਸਥਾਨਾਂ ਤੇ ਹੀ ਨਿਹੰਗ ਸਿੰਘਾਂ ਵੱਲੋਂ ਹੀ ਖੇਡਿਆ ਜਾਂਦਾ ਹੈ। ਕੀ ਹੋਲਾ-ਮਹੱਲਾ ਕੇਵਲ ਨਿਹੰਗ ਸਿੰਘਾਂ ਲਈ ਹੈ?

ਨਹੀਂ, ਹੋਲਾ-ਮਹੱਲਾ ਮਨਾਉਣ ਦਾ ਹੁਕਮ ਸਾਡੇ ਸਭਨਾਂ ਲਈ ਹੈ। ਅਸੀਂ ਸਾਰਿਆਂ ਨੇ ਰਲਮਿਲ ਕੇ ਇਸ ਪੁਰਬ ਨੂੰ ਮਨਾਉਣਾ ਹੈ।

■■■■■

# ਜੀਵਨ- ਤੱਤ

ਵਲੋਂ ਗੁਰਪੁਰ ਵਾਸੀ ਸ: ਤੇਜਾ ਸਿੰਘ ਜੀ

ਗੁਰੂ ਕੀ ਬਾਣੀ ਨੂੰ ਇਲਹਾਮ ਆਖਿਆ ਗਿਆ ਹੈ- ਇਹਨੂੰ ਬ੍ਰਹਮ ਬੀਚਾਰ ਦੀ ਵੀਚਾਰ ਕਿਹਾ ਗਿਆ ਹੈ। ਇਹਨੂੰ "ਅੰਮ੍ਰਿਤ ਬਾਣੀ ਤਤ ਵਖਾਣੀ" ਦੀ ਪਦਵੀ ਪੰਚਮ ਪਾਤਸ਼ਾਹ ਨੇ ਦਿਤੀ। ਇਹਨੂੰ ਅਨੇਕਾ ਕਰਮ ਜੋਗੀ ਗੁਰਸਿਖਾਂ ਨੇ ਛਾਣ-ਪੁਣ ਕੇ, ਪਰਖ ਅਜ਼ਮਾ ਕੇ, ਗੁਰੂ ਕਾ ਰੂਪ ਅਤੇ ਜੀਵਨ ਦੇ ਤਤ (ਅਸਲੀਅਤ) ਦਾ ਸਰੂਪ ਕਿਹਾ, ਮੰਨਿਆ; ਤੇ ਗੁਰੂ ਰੂਪ ਕਰ ਕੇ, ਗੁਰੂ ਕੇ ਹੁਕਮ ਦਾ ਰੂਪ ਸਮਝ ਕੇ ਆਪਣੇ ਜੀਵਨ ਕਰਨੀਆ ਕਾਰਨਾਮਿਆਂ ਵਿਚ ਵਰਤਦਿਆ ਗੁਰੂ ਅਮਰਦਾਸ ਜੀ ਦੇ ਸ਼ਬਦਾ ਦੀ ਪ੍ਰੋੜ੍ਹਤਾ ਕੀਤੀ ਤੇ ਸਾਬਤ ਕਰ ਵਿਖਾਇਆ :-

"ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤ ਸਾਰੇ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ॥"

ਇਸੇ ਹੀ ਤਰ੍ਹਾਂ ਸ੍ਰੀ ਕਬੀਰ ਜੀ ਨੇ ਫ਼ੁਰਮਾਇਆ ਹੈ :-
"ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥"
ਸ੍ਰੀ ਪੰਚਮ ਪਾਤਸ਼ਾਹ ਜੀ ਨੇ ਆਖਿਆ :-

"ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿਨਾਮਾ॥"

ਤੇ ਜਾਂ

"ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ॥"
"ਗੁਰਮੁਖਿ ਆਖੀ ਗੁਰਮੁਖਿ ਜਾਤੀ
ਸੁਰਤੀ ਕਰਮਿ ਧਿਆਈ॥"

ਭਾਵ, ਇਹ ਬਾਣੀ ਮਨੁੱਖ ਜੀਵਨ ਕਿ ਸਿਖ ਜੀਵਨ ਦਾ ਤਤ, ਪਰਖੀ ਅਜ਼ਮਾਈ ਅਸਲੀਅਤ ਹੈ।

ਇਹਨੂੰ ਗੁਰੂ ਨਾਨਕ ਦੇਵ ਜੀ ਨੇ ਉਚਾਰਿਆ। ਪੰਜਵੇਂ ਪਾਤਸ਼ਾਹ ਤਕ ਪੰਜ ਗੁਰੂ ਸਾਹਿਬਾਨ ਸੁਰਤੀ ਕਰਮ, ਆਤਮਕ ਚੇਤੰਨਤਾ ਵਿਚ ਭਰਪੂਰ ਸੁਰਤੀ ਅਤੇ ਕਿਰਤ ਕਰਨ ਦੇ ਘੋਲਾਂ ਜੰਜਾਲਾਂ ਵਿਚ ਵਰਤਦੇ ਰਹੇ ਹਨ। ਨੇਕੀ, ਸੇਵਾ। ਸਚਾਈ, ਸੂਰਬੀਰਤਾ ਤੇ ਮਨੁੱਖ ਮਾਤਰ ਦੀ ਕਸਵਟੀ ਉਤੇ ਲਾ ਕੇ ਪਰਖਦਿਆ ਇਸ ਬਾਣੀ ਬਾਰੇ ਫ਼ੁਰਮਾਇਆ :-
"ਕੋਈ ਗਾਵੈ ਕੋ ਸੁਣੈ ਹਰਿਨਾਮਾ ਚਿਤੁ ਲਾਇ॥"

ਇਹ ਸ਼ਰਤ ਲਾ ਦਿਤੀ ਕਿ ਜਿਹੜਾ ਕੋਈ ਪ੍ਰੇਮ ਸਹਿਤ ਇਸ ਬਾਣੀ ਨੂੰ ਗਾਵੇ ਸੁਣੇਗਾ, ਉਹਦਾ ਨਾਮ ਨਾਲ (ਸਿਮਰਨ ਬੰਦਗੀ ਨਾਲ) ਚਿਤ ਲਗੇਗਾ। ਇਹੋ ਇਸ ਬਾਣੀ ਦੀ ਮਹਾਨਤਾ ਹੈ-ਦੂਜੇ ਜੀਵਨ ਸਾਧਨਾ ਨਾਲੋਂ ਇਹੋ ਹੀ ਇਸਦੀ ਵਿਸ਼ੇਸ਼ਤਾ ਹੈ। ਇਸ ਕਰਕੇ ਇਹ ਜ਼ਿੰਦਗੀ ਦਾ ਤੱਤ ਹੈ। ਸਾਰੇ ਨੇਕ ਕਰਮ, ਸਾਰੇ ਸ਼ੁਧ ਕਾਰ-ਵਿਹਾਰ, ਸਾਰੇ ਅਨੰਦ ਤੇ ਖ਼ੁਸ਼ੀਆ, ਸਮੁੱਚੀ ਚੜ੍ਹਦੀ ਕਲਾ, ਗੁਰਬਾਣੀ ਰੂਪ ਬੀਜ ਦੇ ਫੁਲਦੇ ਖਿੜਦੇ ਤੇ ਸਫਲ ਫਲ ਪ੍ਰਦਾਨ ਕਰਦੇ ਮਨੁੱਖੀ ਜ਼ਿੰਦਗੀ ਦੇ ਨਤੀਜੇ ਹਨ।

ਪਰ ਸੰਸਾਰ ਦੁੱਖਾਂ ਦਾ ਸਮੁੰਦਰ ਹੈ, ਵਿਸ਼ੇ ਵਾਸ਼ਨਾਵਾ, ਬੁਰਾਈਆ, ਬਿਮਾਰੀਆ, ਆਦਰ ਸਤਿਕਾਰ ਹਾਸਲ ਕਰਨ ਦੇ ਵਿਖਾਲੇ ਤੇ ਬਨਾਵਟਾ ਮਨੁੱਖ ਨੂੰ ਇਸ ਜੀਵਨ-ਤੱਤ ਦੇ ਸਹੀ ਨਤੀਜਿਆਂ ਉਤੇ ਸਥਿਰ ਨਹੀਂ ਰਹਿਣ ਦੇਂਦੀਆ। ਪਰ ਜਿਹੜਾ ਕੋਈ ਹਿਰਦਾ ਸੰਸਾਰ ਦਾ ਹੋਰ ਸਭ ਕੁਝ ਕਰਦਿਆ ਇਸ ਜੀਵਨ-ਤੱਤ ਉਤੇ ਚੜ੍ਹਦੀਆ ਕਲਾ ਵਿਚ ਅਨੰਦ ਤੇ ਪ੍ਰਸੰਨਤਾ ਵਿਚ, ਉਮਾਹ ਤੇ ਉਤਸ਼ਾਹ ਵਿਚ ਰਹਿ ਸਕੇ, ਇਹ ਗੁਰੂ ਕਾ ਪ੍ਰਤੱਖ ਸਰੂਪ ਹੈ। ਗੁਰਬਾਣੀ ਉਸ ਬਾਰੇ ਫ਼ੁਰਮਾਉਂਦੀ ਹੈ :-

ਇਕਿ ਸਦਾ ਇਕਤੈ ਰੰਗਿ ਰਹਹਿ,
ਤਿਨ ਕੈ ਹਉ ਸਦ ਬਲਿਹਾਰੈ ਜਾਉ॥
ਤਨ ਮਨੁ ਧਨੁ ਅਰਪੀ ਤਿਨ ਕਉ,
ਨਿਵਿ ਨਿਵਿ ਲਾਗਉ ਪਾਇ॥
ਤਿਨ ਮਿਲਿਆ ਮਨੁ ਸੰਤੋਖੀਐ,
ਤ੍ਰਿਸਨਾ ਭੁਖ ਸਭ ਜਾਇ॥

ਜਿਸ ਨੂੰ ਸਾਹਿਬ ਪੰਚਮ ਪਾਤਸ਼ਾਹ ਇਹ ਪਦਵੀ ਦੇ ਰਹੇ ਹੋਣ ਉਹ ਸੰਸਾਰ ਲਈ, ਮਨੁੱਖਤਾ ਲਈ, ਦੇਸ਼ ਤੇ ਕੌਮ ਲਈ ਕਿੰਨਾ ਉੱਚਾ ਤੇ ਸਤਿਕਾਰ ਯੋਗ ਹੋ ਸਕਦਾ ਹੈ।

ਪਰ ਮਨ ਖੁਟ-ਹਾਰਾ ਹੈ। ਇਸ ਖੁਟਹਰ ਮਨ ਨੂੰ ਗੁਰੂਬਾਣੀ, ਖੋਤੇ ਵਰਗੀਆ ਆਦਤਾ ਦੀ ਵੀ ਤੁਲਨਾ ਦੇਂਦੀ ਹੋਈ ਆਖਦੀ ਹੈ :-

"ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥
ਖਰ ਕਾ ਪੈਖਰੁ ਤਉ ਛੂਟੈ ਜਉ ਊਪਰਿ ਲਾਦਾ॥"

ਇਹ ਤਾ ਵਾਸਤਵਿਕਤਾ ਦਾ ਤੱਤ ਵਿਚਾਰ ਹੈ। ਪਰ ਜੋ ਕੁਝ ਮਨ, ਸਰੀਰ, ਆਤਮਾ, ਮਨੁੱਖਤਾ, ਹੋਰ ਭਾਈਚਾਰੇ ਤੇ ਪਰਵਾਰ ਵਿਚ ਵਾਪਰਨ ਦੀ ਸੰਭਵਨਾ ਹੀ ਨਹੀਂ ਸਗੋਂ ਅਵਸ਼ਕਤਾ ਹੈ।

ਗੁਰਸਿਖ ਜੀਵਨ ਦਾ ਤੱਤ (ਅਸਲੀਅਤ) ਕਿਰਤ ਕਰਨ ਵਿਚ ਲਿਆ ਸਕਣਾ ਤੇ "ਇਕਤੈ ਰੰਗਿ ਰਹਹਿ" ਸਕਣਾ ਬੜੀ ਹੀ ਦੁਰਲਭ ਵਸਤੂ ਹੈ। ਇਹਦੇ ਕੁਝ ਗੁਰ ਹਨ, ਜਿਨ੍ਹਾਂ ਨੂੰ ਗੁਰਬਾਣੀ ਹੀ ਨਿਰੂਪਣ ਕਰਦੀ ਹੈ। ਉਹਨਾਂ ਦਾ ਸਹੀ ਰੂਪ ਗੁਰਬਾਣੀ ਦੀ ਕਸਵਟੀ ਉਤੇ ਹੀ ਪਰਖਿਆ ਜਾ ਸਕਦਾ ਹੈ। ਕਥਨੀ ਕਿ ਲੇਖਣੀ ਜੇ ਸੰਸਾਰਕ ਕਰਨੀ ਨਾਲ ਸਾਵੀਂ ਨਹੀਂ ਤਾਂ ਕਥਨੀ ਤੇ ਲੇਖਣੀ ਨਿਰਾ ਇਕ ਦੰਭ ਤੇ ਪਾਖੰਡ ਹੈ। ਗੁਰਬਾਣੀ ਦੇ ਇਹ ਗੁਰ ਹਨ :-


www.AKJ.Org

ਗ੍ਰਹਿਣ ਕਰਨ ਯੋਗ :-

੧ ਸਵਾਲ :-

''ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ॥''

ਇਸ ਸਵਾਲ ਬਾਰੇ ਗੁਰਬਾਣੀ ਦਾ ਜਵਾਬ ਹੈ :-

'ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥''

੨ ਸਵਾਲ :-

''ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥''

''ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥''

ਇਸ ਦਾ ਜਵਾਬ ਹੈ :-

''ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥''

ਜਾਂ ''ਭਰੀਐ ਮਤਿ ਪਾਪਾਂ ਕੈ ਸੰਗਿ॥
ਓਹ ਧੋਪੈ ਨਾਵੈ ਕੈ ਰੰਗਿ॥''

ਅਤੇ ''ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥''
''ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥''

ਨਾਮ ਸਿਮਰਨ ਦੀ ਇਸ ਅਵਸਥਾ ਦੇ ਚਿੰਨ੍ਹ :

''ਨਾਮ ਰਸਿ ਜੋ ਜਨ ਤ੍ਰਿਪਤਾਨੇ॥
ਮਨ ਤਨ ਨਾਮਹਿ ਨਾਮਿ ਸਮਾਨੇ॥
ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥''

ਮਨ ਦੇ ਸੁਖ ਤੇ ਸਿਮਰਨ-ਪ੍ਰਾਪਤੀ ਦੇ ਸਾਧਨ :-

''ਜਿਨਾ ਰਾਸਿ ਨਾ ਸਚ ਹੈ ਕਿਉ ਤਿਨਾ ਸੁਖੁ ਹੋਇ॥''

''ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ॥''

ਜਾਂ

''ਪਰ ਧਨ ਪਰ ਦਾਰਾ ਪਰਹਰੀ॥ਤਾ ਕੈ ਨਿਕਟਿ ਬਸੈ ਨਰਹਰੀ॥''

ਜੀਵਨ ਦਾ ਇਹ ਤੱਤ-ਸਿਮਰਨ, ਮਨੁੱਖ ਜ਼ਿੰਦਗੀ ਦਾ ਸ਼੍ਰੋਮਣੀ ਸਾਧਨ ਹੈ, ਜਿਵੇਂ :-

''ਨਾਮ ਤਤੁ ਸਭ ਹੀ ਸਿਰਿ ਜਾਪੈ॥''

ਤੇ ਇਹ ਅਧਾਰਤ ਹੈ ਸੇਵਾ, ਸਚਾਈ, ਇਨਸਾਫ਼, ਸਰਬਤ ਦਾ ਭਲਾ ਚਿਤਵਨ ਤੇ ਕਰਨ ਉਤੇ-ਵਿਸ਼ੇ ਵਿਕਾਰਾਂ, ਲਾਲਚ, ਹਉਮੈ ਤੇ ਹੰਕਾਰ ਨਾਲ ਮਨ ਨੂੰ ਮੈਲਿਆਂ ਨਾ ਹੋਣ ਦੇਣਾ। ਜੇ ਮਨ ਵਿਚ ਰੰਚਕ ਮਾਤਰ ਵੀ ਮੈਲ ਆ ਜਾਏਗੀ ਤਾਂ ਉਸੇ ਨਿਸਬਿਤ ਨਾਲ ਸਭ ਕੁਝ ਮੈਲਾ ਹੋ ਜਾਏਗਾ, ਜਿਵੇਂ :-
ਮਨ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੇ ਮਨੁ ਹਛਾ ਨ ਹੋਇ॥
ਇਹੁ ਜਗ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥''

ਇਹ ਥੋੜੀ ਕਿ ਬਹੁਤੀ ਮਲੀਨਤਾ ਹੀ ਰੁਕਾਵਟ ਬਣੇਗੀ ਸਦਾ ''ਇਕਤੈ ਰੰਗ'' (ਸਿਮਰਨ ਰਸ ਵਿਚ ਸਥਿਰ) ਰਹਿਣ ਦੀ-ਮਨ ਭੰਬਲ ਭੂਸਿਆਂ ਜਿਹਿਆਂ ਦੇ ਲਹਾਓ ਚੜ੍ਹਾਓ ਵਿਚ ਗੋਤੇ ਖਾਂਦਾ ਤੇ ਡੁਬਦਾ ਤਰਦਾ ਰਹੇਗਾ। —

(ਪੰਨਾ ੨੪ ਦਾ ਬਾਕੀ)

ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ'' ਮੰਗਿਆ ਜਾਂਦਾ ਹੈ। ਦੁਨੀਆਂ ਭਰ ਵਿਚ ਅਜਿਹੀ ਅਰਦਾਸ ਦੀ ਕਿਤੇ ਮਿਸਾਲ ਨਹੀਂ ਮਿਲਦੀ।

੧੧. ਜੈਕਾਰੇ ਤੇ ਫ਼ਤਿਹ ਦੀ ਸਾਂਝ :-

'ਜੈਕਾਰੇ' ਦੇ ਅਰਥ ਹਨ-ਜਿੱਤ ਦੀ ਧੁਨੀ। ਇਹ ਆਪਣੀ ਜਿੱਤ, ਪਾਰਟੀ ਜਾਂ ਮੁਲਕ ਦੀ ਜਿੱਤ ਲਈ ਨਹੀਂ, ਸਗੋਂ ਗਜਾਉਣ ਵਾਲਾ ''ਜੋ ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ'' ਦੀ ਧੁਨੀ ਰਾਹੀਂ ਆਪ ਨਿਹਾਲ ਹੋ, ਸਭ ਸੁਣਨ ਵਾਲਿਆਂ ਨੂੰ 'ਨਿਹਾਲ' ਹੋਣ ਦੀ ਧੁਨੀ ਧੁਨਾਉਂਦਾ ਹੈ ਅਤੇ ਸ੍ਰੀ ਅਕਾਲ ਜੀ ਦਾ ਸਤਯ ਹੋਣਾ ਦ੍ਰਿੜ੍ਹਾਉਂਦਾ ਹੈ।

ਇਸੇ ਤਰ੍ਹਾਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਰਾਹੀਂ ਭੀ ਕਿਸੇ ਵਿਅੱਕਤੀ ਨੂੰ ਨਮਸਕਾਰ ਨਹੀਂ ਸਗੋਂ ਸਰਬ-ਸ਼ਕਤੀਮਾਨ ਅਤੇ ਸਭ ਦੀ ਪ੍ਰਤਿਪਾਲਣਾ ਕਰਨਹਾਰੇ 'ਤੂੰ ਸਾਝਾ ਸਾਹਿਬੁ ਬਾਪੁ ਹਮਾਰਾ' ਜੀ ਦੀ ਫ਼ਤਿਹ ਗੁੰਜਾਈ ਗਈ ਹੈ। ਬਸ, ਅਸੀਂ ਸਾਰੇ ਸੰਸਾਰੀ ਜੀਵ ਉਸ ਸਾਝੇ ਬਾਪ ਦੀ ਹੀ ਔਲਾਦ ਹਾਂ-

ਏਕ ਪਿਤਾ, ਏਕਸ ਕੇ ਹਮ ਬਾਰਿਕ, ਤੂ ਮੇਰਾ ਗੁਰਹਾਈ

---

## ਦਾਨ

*ਦਾਨ ਦੇਣਾ, ਸਾਡੇ ਅਹੰਕਾਰ ਨੂੰ ਗਾਲਣ ਦਾ ਇਕ ਢੰਗ ਹੈ। ਤੁਸੀ ਕਿੰਨਾ ਦੇਂਦੇ ਹੋ, ਇਸ ਦੀ ਮਹਾਨਤਾ ਨਹੀਂ। ਤੁਸੀ ਕਿਦਾ ਦੇਂਦੇ ਹੋ ਇਸ ਦਾ ਮੁੱਲ ਹੈ। ਜਿਦਾ ਸੇਵਾ ਨਿਰ-ਅਹੰਕਾਰ ਭਾਵ ਨਾਲ ਕਰਨੀ ਹੈ, ਉਦਾ ਹੀ ਦਾਨ ਵੀ ਅਹੰਕਾਰ ਰਹਿਤ ਕਰਨਾ ਹੈ। ਜੇ ਦੇਣ ਨਾਲ ਅਹੰਕਾਰ ਪਿਘਲਦਾ ਹੈ ਤਾਂ ਦਾ ਸ਼ੁਭ ਹੈ, ਜੇ ਦੇਣ ਨਾਲ ਅਹੰਕਾਰ ਸਬਲ (ਬਲਵਾਨ) ਹੁੰਦਾ ਹੈ, ਤਾ ਦਾਨ ਬੇਅਰਥ ਹੈ।*

*ਇਸ ਹਿਸਾਬੇ ਹਜ਼ਾਰਾਂ ਰੁਪਏ ਦਾ ਦਾਨ ਕਰਕੇ ਜਾਂ ਆਪਣੇ ਬਜ਼ੁਰਗਾਂ ਦੇ ਨਾਂ ਦੀ ਫੱਟੀ ਜਾਂ ਇੱਟ ਲੁਆਣੀ (ਉਨ੍ਹਾ ਦੀ ਯਾਦ ਵਿਚ) ਅਸ਼ੁਭ ਹੈ, ਕਿਉਂਕਿ ਇਹ ਅਹੰਕਾਰ ਨੂੰ ਬਲ ਦੇਂਦਾ ਹੈ। ਇਸ ਹਿਸਾਬੇ ਤੁਹਾਡਾ ਗੁਪਤ ਦਾਨ ਵੀ ਅਸ਼ੁਭ ਹੋਏਗਾ ਜੇ ਦੇਣ ਮਗਰੋਂ ਮਨ ਨੇ ਆਪਣੇ ਆਪ ਨੂੰ ਉੱਚਾ ਜਾ ਵੱਡਾ ਸਮਝਿਆ। ਸਵਾਲ ਇਹ ਨਹੀ ਕਿ ਤੁਹਾਡੇ ਦਾਨ ਦਾ ਤੁਹਾਡੇ ਮਨ ਤੇ ਕੀ ਪ੍ਰਭਾਵ ਪਿਆ-ਤੁਹਾਡੇ ਮਨ ਨੇ ਨੀਵਾਂ ਅਨੁਭਵ ਕੀਤਾ ਜਾਂ ਉਚਾ। ਅਹੰਕਾਰ ਨੂੰ ਮਾਰਨ ਲਈ ਠੀਕ ਤਰੀਕੇ ਨਾਲ ਦਾਨ ਦੇਣਾ ਵਧੀਆ ਵਿਧੀ ਹੈ। ਇਸੇ ਲਈ ਸਾਰੇ ਧਰਮਾਂ ਵਿਚ ਦਾਨ ਤੇ ਜ਼ੋਰ ਹੈ। ਸਿਖਾਂ ਵਿਚ ਦਸਵੰਧ ਦੇ ਪਿਛੇ ਇਹੀ ਅਸੂਲ ਹੈ। ਸੋ ਭੇਟਾ ਵੀ ਕਰਨੀ ਹੈ ਤੇ ਦਾਨ ਵੀ, ਤੇ ਦੋਵੇ ਅਹੰਕਾਰ ਰਹਿਤ ਮਨ ਨਾਲ ਕਰਨੇ ਹਨ।*



www.AKJ.Org

# ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ?

(ਵਲੋਂ ਪ੍ਰੋ: ਸੂਬਾ ਸਿੰਘ ਜੀ)

ਸਿੱਖ ਵਿਚਾਰਧਾਰਾ ਨੂੰ ਸਮਝਣ ਲਈ ਸਾਡੇ ਕੋਲ ਦੋ ਸੋਮੇ ਹਨ। ਪਹਿਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਦੂਸਰਾ ਹੈ ਸਿਖ ਇਤਿਹਾਸ। ਜਿੰਨੀ ਦੇਰ ਕੋਈ ਵੀ ਬੁੱਧੀਜੀਵੀ ਜਾਂ ਜਨ-ਸਾਧਾਰਨ ਇਨ੍ਹਾਂ ਦੋਹਾਂ ਸੋਮਿਆਂ ਤੋਂ ਭਲੀ ਪਰਕਾਰ ਜਾਣੂੰ ਨਹੀਂ ਹੁੰਦਾ, ਉਤਨੀ ਦੇਰ ਉਹ ਗੁਰਮਤਿ ਵਿਚਾਰਧਾਰਾ ਨੂੰ ਸਮਝਣ ਦੇ ਅਸਮਰਥ ਰਹਿੰਦਾ ਹੈ। ਗੁਰਬਾਣੀ ਅਤੇ ਇਤਿਹਾਸ ਦੇ ਸੁਮੇਲ ਰਾਹੀਂ ਹੀ ਸਿੱਖੀ ਦੀ ਸਹੀ ਤਸਵੀਰ ਸਾਡੇ ਸਾਹਮਣੇ ਨਿਖਰ ਕੇ ਆਉਂਦੀ ਹੈ।

ਕੀ ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ਬਨਾਉਣਾ ਠੀਕ ਹੈ ? ਇਹ ਮੈਂ ਅਨੁਭਵ ਕੀਤਾ ਹੈ, ਇਹ ਇਕ ਦਾ ਨਹੀਂ ਸਗੋਂ ਅਣਗਿਣਤ ਵੀਰਾਂ ਦਾ ਸੁਆਲ ਹੈ। ਜਿਸ ਤਰ੍ਹਾਂ ਮੈਂ ਸਿੱਖੀ ਨੂੰ ਸਮਝਿਆ ਹੈ, ਉਸੇ ਤਰ੍ਹਾਂ ਇਸ ਸਵਾਲ ਦਾ ਉੱਤਰ ਲਿਖ ਰਿਹਾ ਹਾਂ। ਜਿਨ੍ਹਾਂ ਵਿਦਿਆਰਥੀਆਂ, ਬੁੱਧੀ-ਜੀਵੀਆਂ ਜਾਂ ਅਧਿਆਤਮਿਕਤਾ ਦੇ ਪਾਧੀਆਂ ਨੇ ਸਿੱਖ ਧਰਮ ਦਾ ਅਧਿਐਨ ਉਪਰੋਕਤ ਦੱਸੀ ਵਿਧੀ ਅਨੁਸਾਰ ਕੀਤਾ ਹੈ, ਉਹ ਇਸ ਗਲ ਬਾਰੇ ਚੰਗੀ ਤਰ੍ਹਾਂ ਸਪਸ਼ੱਟ ਹਨ ਕਿ ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ਬਨਾਉਣਾ ਕਿਤੇ ਨਹੀਂ ਲਿਖਿਆ, ਇਹ ਸਾਰੀ ਮਨਮਤ ਹੈ।

ਸਿੱਖ ਧਰਮ ਦਾ ਜਿਨ੍ਹਾਂ ਨੇ ਡੂੰਘਾ ਮੁਤਾਲਿਆ ਕੀਤਾ ਹੈ, ਉਹ ਜਾਣਦੇ ਹਨ ਕਿ ਇਥੇ ਵਿਚੋਲਗੀ ਨੂੰ ਕੋਈ ਥਾਂ ਨਹੀਂ ਹੈ, ਸਗੋਂ ਸਿੱਖ ਅਤੇ ਅਕਾਲ ਪੁਰਖ ਦਾ ਆਪਸੀ ਸਿੱਧਾ ਸੰਬੰਧ ਹੈ। ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਸਿੱਖ ਅਤੇ ਅਕਾਲ ਪੁਰਖ ਦੇ ਦਰਮਿਆਨ ਨਹੀਂ ਰਖਿਆ। ਸਤਿਗੁਰ ਦੀ ਬਾਣੀ ਹੀ ਸਾਡੇ ਲਈ ਚਾਨਣ-ਮੁਨਾਰਾ ਹੈ, ਜੋ ਮਨੁੱਖ ਦੀ ਹਰ ਪੱਖ ਤੋਂ ਅਗਵਾਈ ਕਰਦੀ ਹੈ। ਦੂਸਰੇ ਧਰਮਾਂ ਵਿਚ ਜਿਵੇਂ ਹਜ਼ਰਤ ਈਸਾ ਜੀ ਅਤੇ ਮੁਹੰਮਦ ਸਾਹਿਬ, ਜਨਸਾਧਾਰਨ ਅਤੇ ਪ੍ਰਭੂ ਦੇ ਦਰਮਿਆਨ ਵਿਚੋਲਗੀ ਕਰਦੇ ਹਨ, ਉਸ ਤਰ੍ਹਾਂ ਗੁਰੂ ਸਾਹਿਬਾਨ ਵਿਚੋਲਗੀ ਨਹੀਂ ਕਰਦੇ । ਸਤਿਗੁਰੂ ਦਾ ਇਹ ਹੁਕਮ ਹੈ ਕਿ ਜੋ ਸਾਨੂੰ ਪਰਮੇਸ਼ਵਰ ਦਾ ਰੁਤਬਾ ਦੇਵੇਗਾ, ਉਹ ਨਰਕ ਦਾ ਭੋਗੀ ਹੋਵੇਗਾ। ਜੇ ਇੰਨਾ ਸਖ਼ਤ ਤੇ ਮਹਾਨ ਹੁਕਮ ਹੈ ਤਾਂ ਬੁੱਤ ਜਾਂ ਤਸਵੀਰ ਕਿਸ ਦੀ ਬਨਾਉਣੀ ਹੋਈ ? ਉਹ ਤਾਂ ਸਾਨੂੰ ਅਕਾਲ ਪੁਰਖ ਦੇ ਲੜ ਲਾ ਗਏ। ਅਕਾਲ ਪੁਰਖ ਦੀ ਤਸਵੀਰ ਜਾਂ ਬੁੱਤ ਬਣ ਨਹੀਂ ਸਕਦਾ, ਕਿਉਂਕਿ ਉਹ ਰੂਪ ਰੰਗ, ਚੱਕਰ ਚਿਹਨ ਤੋਂ ਭਿੰਨ ਹੈ। ਜੇਕਰ ਅਸੀਂ ਕੋਈ ਫ਼ਰਜ਼ੀ ਤਸਵੀਰ ਬਣਾ ਵੀ ਲਈ ਤਾਂ ਕਿਸੇ ਸਮੇਂ ਉਸ ਦੀ ਪੂਜਾ ਵੀ ਸ਼ੁਰੂ ਕਰ ਦੇਵਾਂਗੇ। ਇਸੇ ਲਈ ਗੁਰਬਾਣੀ ਵਿਚ ਗੁਰੂ ਸਾਹਿਬਾਨ ਬੁੱਤ-ਪੂਜਾ ਦੀ ਨਿਖੇਧੀ ਕਰਦੇ ਹਨ :-

"ਜੋ ਪਾਥਰ ਕਉ ਕਹਤੇ ਦੇਵ,
ਤਾਂ ਕੀ ਬਿਰਥਾ ਹੋਏ ਸੇਵ।"

ਦਸਮੇਸ਼ ਪਿਤਾ ਦਾ ਫ਼ੁਰਮਾਨ ਵੀ ਇਹੋ ਹੀ ਹੈ :-

"ਕਾਹੂ ਲੈ ਪਾਹਨ ਪੂਜ ਧਰਯੋ ਸਿਰ
ਕਾਹੂ ਲੈ ਲਿੰਗ ਗਰੇ ਲਟਕਾਯੋ"।
"ਕਉ ਬੁਤਾਨ ਕੋ ਪੂਜਤ ਹੈ ਪਸੁ
ਕਉ ਮ੍ਰਿਤਾਨ ਕੋ ਪੂਜਨ ਧਾਯੋ।"

ਉਪਰੋਕਤ ਪੰਕਤੀਆਂ ਵਿਚ ਸਪਸ਼ੱਟ ਤੌਰ ਤੇ ਗੁਰੂ ਜੀ ਬੁੱਤ-ਪੂਜਾ ਕਰਨ ਵਾਲਿਆਂ ਦੇ ਅੰਧ ਵਿਸ਼ਵਾਸ਼ ਨੂੰ ਉਘਾੜਦੇ ਹਨ। ਅਜ ਕਲ ਵੀ ਭੋਲੇ ਭ;ਲੇ ਸਿੱਖ ਪੱਥਰ, ਮਿੱਟੀ ਸੀਮਿੰਟ ਜਾਂ ਕਾਗਜ਼ ਦਾ ਬੁੱਤ ਵੇਖ ਕੇ ਸਿਰ ਝੁਕਾ ਦਿੰਦੇ ਹਨ। ਕੋਈ ਲਾਲ ਧਾਗਾ ਬੰਨੇ ਹੋਏ ਦਰਖੱਤ ਨੂੰ, ਕੋਈ ਕਿਸੇ ਬਾਂਦਰ ਦੇ ਬੁੱਤ ਨੂੰ ,ਕੋਈ ਕਿਸੇ ਪੱਥਰ ਨੂੰ,ਕੋਈ ਗੁਰੂ ਸਾਹਿਬ ਦੀਆ ਕਲਪਤ ਤਸਵੀਰਾਂ ਨੂੰ ਇਸ ਤਰ੍ਹਾਂ ਦੇ ਅਨੇਕਾ ਥਾਵਾਂ ਤੇ ਸਿਰ ਨਿਵਾਈ ਜਾਣਗੇ, ਇਹ ਸਾਰੀ ਮੂਰੱਖਤਾ ਅਤੇ ਮਨਮਤ ਹੈ ਸਿੱਖ ਦਾ ਸਿਰ ਸਿਰਫ ਅਕਾਲ ਪੁਰਖ ਅਗੇ ਹੀ ਝੁਕਦਾ ਹੈ। ਸ਼ਬਦ-ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌ ਸੌ ਵਾਰ ਸਿੱਜਦਾ ਕਰੋ, ਇਹ ਮੁਬਾਰਕ ਹੈ। ਉਹ ਸਿਰ ਕਾਹਦਾ ਹੋਇਆ ਜੋ ਹਰ ਇਕ ਦੇ ਸਾਹਮਣੇ ਝੁਕਦਾ ਜਾਵੇ ? ਇਹ ਕਾਇਰਤਾ ਦੀ ਨਿਸ਼ਾਨੀ ਹੈ। ਅਸੀਂ ਅਸਲ ਵਿਚ ਗੁਰੂ ਸਾਹਿਬਾਨ ਦੇ ਪੰਜ ਭੂਤਕ ਸਰੀਰ ਨੂੰ ਮੱਥਾ ਨਹੀਂ ਟੇਕਦੇ ਸਗੋਂ ਸਤਿਗੁਰਾ ਦੇ ਮੁਖਾਰਬਿੰਦ ਤੋਂ ਉਚਾਰਨ ਹੋਏ ਮਹਾਵਾਕਾ ਨੂੰ ਸਿਜਦਾ ਕਰਦੇ ਹਾਂ

ਗੁਰੂ ਸਾਹਿਬਾਨ ਦੇ ਸਮੇਂ ਦੀ ਕੋਈ ਵੀ ਅਸਲੀ ਫੋਟੋ ਜਾ ਚਿੱਤਰ ਨਹੀਂ ਮਿਲਦਾ। ਕੋਈ ਚਿੱਤਰ ਮੁਗਲ ਸਟਾਈਲ, ਕੋਈ ਕਿਸੇ ਹੋਰ ਸਟਾਈਲ ਵਿਚ, ਭਾਵ ਇਹ ਕਿ ਉਹਨਾ ਦੀ ਕੋਈ ਅਸਲੀ ਤਸਵੀਰ ਨਹੀਂ, ਇਸ ਕਰਕੇ ਵਖ ਵਖ ਸ਼ਕਲ ਵਿਚ ਪੁਰਾਤਨ ਤਸਵੀਰਾਂ ਮਿਲਦੀਆਂ ਹਨ, ਜੋ ਅਸਲੀਅਤ ਤੋਂ ਕੋਹਾਂ ਦੂਰ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਤਸਵੀਰਾ ਕੁਝ ਅਸਲੀਅਤ ਦੇ ਨੇੜੇ ਹਨ, ਇਸੇ ਲਈ ਕਈ ਵਾਰ ਵੇਖਿਆ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਵਾਲੀ ਕੋਈ ਅਖਬਾਰ ਜਾ ਕੋਈ ਪੁਸਤਕ ਉਠਾ ਕੇ ਵੇਖ ਲਓ, ਇਹ ਤਸਵੀਰਾਂ ਆਪਸ ਵਿਚ ਮਿਲਦੀਆਂ ਹੋਣਗੀਆਂ।


www.AKJ.Org

ਪਰ ਗੁਰੂ ਸਾਹਿਬਾਨ ਦੇ ਸਮੇਂ ਦੀਆ ਨਹੀਂ। ਜੋ ਤਸਵੀਰਾਂ ਕੁਝ ਕੁ ਚੋਟੀ ਦੇ ਆਰਟਿਸਟਾਂ ਨੇ ਗੁਰੂ ਸਾਹਿਬਾਨ ਦੀਆਂ ਬਣਾਈਆ ਹਨ. ਉਹ ਕਲਾ ਦੇ ਸੁਚਜੇ ਨਮੂਨੇ ਸਮਝ ਕੇ ਬੇਸ਼ਕ ਘਰਾ ਵਿਚ ਰਖੀਆ ਜਾ ਸਕਦੀਆ ਹਨ. ਪਰ ਉਹਨਾ ਵਿਚੋਂ ਗੁਰੂ ਸਾਹਿਬਾਨ ਦੀ ਸ਼ਖਸੀਅਤ ਨੂੰ ਵੇਖਣਾ ਜਾਂ ਉਹਨਾਂ ਦੀ ਧੂਪ ਆਦਿ ਨਾਲ ਪੂਜਾ ਕਰਨੀ, ਇਹ ਸਿੱਖੀ ਤੋਂ ਉਲਟ ਹੈ। ਸੋ ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ੱਟ ਹੈ ਕਿ ਸਿੱਖੀ ਵਿਚ ਤਸਵੀਰ ਜਾ ਬੁੱਤ ਨੂੰ ਪੂਜਾ ਦੇ ਪੱਖੋਂ ਕੋਈ ਥਾਂ ਨਹੀਂ ਹੈ।

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਿ ਗੋਬਿੰਦ ਸਾਹਿਬ ਤੱਕ ਦਾ ਜ਼ਿਕਰ ਕਰਕੇ ਆਖੀਰ ਤੇ ਪਾਠਕ ਸਿੱਖ ਨੂੰ ਸੁਚੇਤ ਕਰਦੇ ਹਨ ਕੇ ਗੁਰੂ ਦਾ ਸ਼ਬਦ ਹੀ ਗੁਰੂ ਦੀ ਅਸਲ ਤਸਵੀਰ ਹੈ। ਆਪ ਲਿਖਦੇ ਹਨ :-

**ਨਿਰੰਕਾਰ ਨਾਨਕੁ ਦੇਉ, ਨਿਰੰਕਾਰਿ ਆਕਾਰੁ ਬਣਾਇਆ। ਗੁਰ ਅੰਗਦੁ ਗੁਰ ਅੰਗ ਤੇ, ਗੰਗਹੁ ਜਾਣੁ ਤਰੰਗੁ ਉਠਾਇਆ।ਅਮਰਦਾਸੁ ਗੁਰੁ ਅੰਗਦਹੁ, ਜੋਤਿ-ਸਰੂਪੁ ਚਲਤੁ ਵਰਤਾਇਆ।ਗੁਰ ਅਮਰਹੁ ਗੁਰੁ ਰਾਮਦਾਸੁ, ਅਨਹਦ ਨਾਦਹੁ ਸਬਦੁ ਸੁਣਾਇਆ।ਰਾਮਦਾਸਹੁ ਅਰਜਨੁ ਗੁਰੂ, ਦਰਸਨੁ ਦਰਪਨ ਵਿਚਿ ਦਿਖਾਇਆ। ਹਰਿ ਗੋਬਿੰਦ ਗੁਰੁ ਅਰਜਨਹੁ, ਗੁਰੁ ਗੋਵਿੰਦ ਨਾਉ ਸਦਵਾਇਆ। ਗੁਰ-ਮੂਰਤਿ ਗੁਰ-ਸਬਦੁ ਹੈ, ਸਾਧ ਸੰਗਤਿ ਵਿਚਿ ਪਰਗਟੀ ਆਇਆ। ਪੈਰੀਂ ਪਾਇ ਜਗਤੁ ਤਰਾਇਆ।।੨੫।।**

(ਭਾਈ ਗੁਰਦਾਸ ਜੀ ਦੀ ਵਾਰ ੨੪ ਪਉੜੀ ੨੫)

## ਨਾਨਕਸ਼ਾਹੀ ਕੈਲੰਡਰ

*ਗੁਰੂ-ਸਵਾਰੀ ਸਾਧ ਸੰਗਤ ਜੀਓ,*

*ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।*

*ਆਪ ਸਭ ਨੂੰ ਭਲੀ-ਭਾਂਤ ਪਤਾ ਹੈ ਕਿ ਈਸਵੀ ਕੈਲੰਡਰ ਅਨੁਸਾਰ (ਜਿਸ ਨੂੰ ਅਜ-ਕਲ੍ਹ ਸਾਂਝਾ ਸੰਨ ਕਹਿੰਦੇ ਹਨ) ਕਿਸੇ ਸਾਲ ਦਸਮੇਸ਼ ਪਿਤਾ ਜੀ ਦੇ ਦੋ ਪ੍ਰਕਾਸ਼ ਦਿਹਾੜੇ ਆ ਜਾਂਦੇ ਹਨ ਅਤੇ ਕਿਸੇ ਸਾਲ ਇਹ ਗੁਰਪੁਰਬ ਹੁੰਦਾ ਹੀ ਨਹੀਂ। ਸੰਨ ੧੯੯੮ ਵਿਚ ਇਸ ਕੈਲੰਡਰ ਅਨੁਸਾਰ ਦੋ ਪ੍ਰਕਾਸ਼ ਗੁਰਪੁਰਬ ਹਨ ਪਰ ਸੰਨ ੧੯੯੯ ਵਿਚ ਜਦੋਂ ਕਿ ਸਿੱਖ ਜਗਤ ਖਾਲਸਾ-ਪੰਥ ਦਾ ੩੦੦ ਸਾਲਾ ਸਾਜਨਾ ਦਿਵਸ ਮਨਾ ਰਿਹਾ ਹੈ, ਉਸ ਸਾਲ ਦਸਮੇਸ਼ ਆਗਮਨ ਗੁਰਪੁਰਬ ਨਹੀਂ ਹੈ।*

*ਇਸ ਸਮੱਸਿਆ ਨੂੰ ਸਦਾ ਲਈ ਹੱਲ ਕਰਨ ਵਾਸਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਸਾਲ ੧੯੯੯ ਸਾਂਝਾ ਸੰਨ ਤੇ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਇਤਿਹਾਸਕ ਫੈਸਲਾ ਕੀਤਾ ਹੈ। ਇਸ ਕਾਰਜ ਲਈ ਸ੍ਰ: ਪਾਲ ਸਿੰਘ (ਪੁਰੇਵਾਲ) ਨੇ ਸਾਲਾਂ ਬੱਧੀ ਮਿਹਨਤ ਕੀਤੀ ਹੈ। ਇਸ ਅਨੁਸਾਰ ਇਹ ਗੁਰਪੁਰਬ ਸਦਾ ਹੀ ੨੩ ਪੋਹ (ਨਾਨਕਸ਼ਾਹੀ) ਮੁਤਾਬਿਕ ੫ ਜਨਵਰੀ ਨੂੰ ਹੋਇਆ ਕਰੇਗਾ। ਨਾਨਕਸ਼ਾਹੀ ਕੈਲੰਡਰ ਦੀਆਂ ਸੰਗਰਾਂਦਾਂ ਵੀ ਅੰਗਰੇਜ਼ੀ ਮਹੀਨਿਆਂ ਵਿਚ ਨਿਸ਼ਚਿਤ ਕਰ ਦਿੱਤੀਆਂ ਹਨ। ਇਸ ਤਰ੍ਹਾਂ ਸੰਗਰਾਂਦਾਂ ਵੀ ਹਰ ਸਾਲ ਅੰਗਰੇਜ਼ੀ ਕੈਲੰਡਰ ਦੀਆਂ ਉਨ੍ਹਾਂ ਤਾਰੀਖਾਂ ਤੇ ਹੀ ਹੋਇਆ ਕਰਨਗੀਆਂ। ਇਹ ਨਾਨਕਸ਼ਾਹੀ ਕੈਲੰਡਰ ਗੁਰਬਾਣੀ (ਬਾਰਹ ਮਾਹਾ ਮਾਝ ਅਤੇ ਬਾਰਹ ਮਾਹਾ ਤੁਖਾਰੀ) ਦੇ ਅਨੁਸਾਰ ਰਹੇਗਾ ਅਤੇ ਮਹੀਨੇ ਅਤੇ ਮੌਸਮਾਂ ਦਾ ਸਬੰਧ ਸਦਾ ਲਈ ਜੋ ਅੱਜ-ਕਲ੍ਹ ਹੈ, ਉਹੀ ਰਹੇਗਾ।*

*ਸਾਰੇ ਇਤਿਹਾਸਕ ਗੁਰਦੁਆਰਿਆਂ ਸਭਾ ਸੁਸਾਇਟੀਆਂ, ਧਾਰਮਿਕ ਜਥੇਬੰਦੀਆਂ, ਸਿੰਘ ਸਭਾਵਾਂ ਤੇ ਧਾਰਮਿਕ ਸੰਪਰਦਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਜੰਤਰੀਆਂ ਅਤੇ ਤਿੱਥ ਪੱਤ੍ਰਿਕਾਵਾਂ ਵਿਚ ਦਸਮ ਪਿਤਾ ਦਾ ਜੋ ਦੂਜਾ ਆਗਮਨ ਦਿਵਸ ੨੫ ਦਸੰਬਰ ੧੯੯੮ ਨੂੰ ਦਿੱਤਾ ਹੋਇਆ ਹੈ, ਉਹ ੨੩ ਪੋਹ (ਨਾਨਕਸ਼ਾਹੀ) ਮੁਤਾਬਿਕ ੫ ਜਨਵਰੀ, ੧੯੯੯ ਨੂੰ ਮਨਾਉਣ ਦਾ ਪ੍ਰੋਗਰਾਮ ਉਲੀਕਣ।*

*ਹੋਰ ਸਾਰੇ ਗੁਰਪੁਰਬਾਂ ਅਤੇ ਸੰਗਰਾਂਦਾਂ ਦੇ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਛਪਣ ਵਾਲੀ ੧੯੯੯ ਦੀ ਜੰਤਰੀ ਅਤੇ ਕੈਲੰਡਰ ਵਿਚ ਦਿੱਤੇ ਜਾਣਗੇ।*

ਗੁਰੂ-ਪੰਥ ਦੇ ਦਾਸ

ਸੁਰਜੀਤ ਸਿੰਘ
ਸਕੱਤਰ

ਗੁਰਚਰਨ ਸਿੰਘ ਟੌਹੜਾ,
ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।


www.AKJ.Org

# ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ-੯

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

## ੧੧- ਕਰਮ ਬਿਧਾਤਾ ਗੁਰੂ ਕਰਤਾਰੁ (ਲੜੀ ਜੋੜਨ ਲਈ ਦੇਖੋ ਸੂਰਾ ਫਰਵਰੀ ੯੮)

ਸੇਵਕਾ ਸ਼ੁਭ-ਕਰਮਚਾਰੀਆਂ ਤੋਂ ਵਾਹਿਗੁਰੂ ਗੁਣ ਦਾਤਿ ਦਾ ਸ਼ੁਭ-ਗੁਣ ਦਾਤਾ, ਨਿਰਮਲੀ ਹੂੰ ਨਿਰਮਲਾਤਾ ਸ਼ੁਭ-ਗੁਣੀ ਕਰਮ ਕਰਾਇੰਦਾ ਹੈ, ਅਪਣੀ ਨਿਰਮਲ ਬਖਸ਼ਿਸ਼ ਕਰ ਕੇ ਪਹਿਲਾਂ ਨਿਜ-ਬਖਸ਼ਸ਼ ਪਾਤਰਾਂ ਨੂੰ ਸਚੇ ਸਤਿਗੁਰੂ ਦੀ ਮੇਲ-ਮਿਲਾਉਣੀ ਬਖਸ਼ਸ਼ ਕਰਦਾ ਹੈ। ਫੇਰ ਗੁਰੂਦੁਆਰੇ ਗੁਰ ਸਬਦ ਮੰਤ੍ਰ ਦੀ ਦਾਤਿ ਕਰਾਉਂਦਾ ਹੈ। ਇਉਂ ਓਹਨਾਂ ਨੂੰ ਨਿਰਮਲ ਸ਼ਬਦ-ਅਭਿਆਸ ਕਰਮਚਾਰੀ ਬਣਾ ਦਿੰਦਾ ਹੈ। ਗੁਰ-ਸਬਦ ਮੰਤ੍ਰ ਦੀ ਨਿਰਮਲ ਅਭਿਆਸ ਕਮਾਈ ਕਰਦਿਆਂ ਹੋਇਆਂ ਸਬਦ ਕਮਾਈ ਸਚਰਦਿਆਂ ਅਭਿਆਸੀ ਜਨਾਂ ਦਾ ਦੂਜਾ ਭਾਉ ਦੂਰ ਹੋ ਜਾਂਦਾ ਹੈ। ਫੇਰ ਓਹਨਾਂ ਦੀ ਗੁਣੀ ਵਾਹਿਗੁਰੂ ਵਿਚਿ ਸਮਾਈ ਹੋ ਜਾਂਦੀ ਹੈ । ਇਉਂ ਵਾਹਿਗੁਰੂ ਗੁਣਾਂ ਦਾ ਦਾਤਾ ਅਪਣੇ ਗੁਣਾ ਵਿਚਿ ਗੁਣ ਕਰਮਾਤੇ ਨੂੰ ਆਪਿ ਸਮਾਇ ਲੈਂਦਾ ਹੈ। ਗੁਰੂ ਨਾਨਕ ਸਾਹਿਬ ਜੀ ਐਸੇ ਗੁਣਾਂ ਦੇ ਸਮੂਹ ਸਚੇ ਗੁਣੀ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਨੂੰ ਹਿਰਦੇ ਵਿਚਿ ਵਸਾਉਣ ਵਾਲਿਆਂ ਦੇ ਬਾਰੰਬਾਰ ਵਾਰਨੇ ਜਾਂਦੇ ਹਨ। ਨਿਰਮਲ ਨਿਰੰਕਾਰ ਵਾਹਿਗੁਰੂ ਸੱਚੇ ਦਾ ਸਚਾ ਨਾਮ 'ਵਾਹਿਗੁਰੂ' ਭੀ ਸਦਾ ਨਿਰਮਲ ਹੀ ਹੈ। ਪ੍ਰੰਤੂ ਇਹ ਨਿਰਮਲ ਨਾਮ ਗੁਰ ਸਬਦ ਦੀਖਿਆ ਦੁਆਰਾ ਹੀ ਦ੍ਰਿੜ ਹੁੰਦਾ ਹੈ। ਅਤੇ ਅਭਿਆਸੀ ਜਨ ਦੇ ਮਨ ਵਿਚਿ ਵਸਦਾ ਹੈ। ਆਪੇ ਹੀ ਵਾਹਿਗੁਰੂ ਗੁਰ ਦਾਤਾ ਗੁਰ ਸਬਦ ਦੀਖਿਆ ਬਖਸ਼ਾਤਾ ਬਣ ਜਾਂਦਾ ਹੈ। ਆਪੇ ਹੀ ਅਪਣੇ ਅਧਿਕਾਰੀ ਜਨਾਂ ਪਾਸੋਂ ਸ਼ਬਦ (ਗੁਰਮੰਤ੍ਰ ਅਭਿਆਸ) ਕਮਾਈ ਕਰਾ ਕੇ ਉਸ ਕਮਾਈ ਦਾ ਫਲ ਪਰਦਾਤਾ ਕਰਮਿ ਬਿਧਾਤਾ ਬਣਿ ਜਾਂਦਾ ਹੈ। ਕਮਾਈ ਕਰਨੇਹਾਰੇ ਗੁਰ ਸਿਖ ਸੇਵਕ ਗੁਰਮੁਖ ਜਨ ਕਮਾਈਆਂ ਕਰਿ ਕਰਿ ਵਾਹਿਗੁਰੂ ਦੇ ਤੱਤ ਗਿਆਤੇ ਤੱਤ ਵੇਤੇ ਹੋ ਜਾਂਦੇ ਹਨ। ਅੰਮ੍ਰਿਤ ਨਾਮ ਦੀਆਂ ਕਮਾਈਆਂ ਅਭਿਆਸ ਕਮਾਈਆਂ ਕਰਨਹਾਰੇ ਜਨ ਸਦਾ ਹੀ ਸੁੰਦਰ ਸੋਹਣੇ ਅੱਤ ਸੋਹਣੇ ਹੋ ਜਾਂਦੇ ਹਨ। ਕਿਉਂਕਿ ਗੁਰਮਤਿ ਨਾਮ ਦੇ ਅਭਿਆਸ ਦੀ ਅਮਿਉ ਰਸਾਇਣੀ ਕਲਾ ਕ੍ਰਿਸ਼ਮ ਕਮਾਈ ਦੁਆਰਾ ਹਰਿ ਰਸ ਓਹਨਾਂ ਦੇ ਮੁਖਾਰ ਬਿੰਦ ਤੇ ਟੁਲਿ ਟੁਲਿ ਪਉਂਦਾ ਡੁਲ੍ਹਿ ਡੁਲ੍ਹਿ ਪੈਂਦਾ ਰਰਿੰਦਾ ਹੈ। ਯਥਾ ਗੁਰਵਾਕ :-

ਹਰਿ ਆਪੇ ਮੇਲੇ ਸੇਵ ਕਰਾਏ॥ ਗੁਰ ਕੈ ਸਬਦਿ ਭਾਉ ਦੂਜਾ ਜਾਏ॥ ਹਰਿ ਨਿਰਮਲ ਸਦਾ ਗੁਣ ਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ॥੧॥ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ॥ ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮਨਿ ਵਸਾਵਣਿਆ॥੧॥ਰਹਾਉ॥ ਆਪੇ ਗੁਰੁ ਦਾਤਾ ਕਰਮਿ ਬਿਧਾਤਾ॥ ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ॥ ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ॥ (ਮਾਝ ਮਹਲਾ ੩)(੧੨੬)

ਕਰਤਾ ਪੁਰਖ ਕਾਦਰੇ ਮੁਤਲਕ ਕਰਤਾਰ ਆਪੇ ਹੀ ਆਪਣੀ ਕੁਦਰਤਿ ਸਾਜ ਕੇ ਆਪੇ ਆਪਣੀ ਸਾਜੀ ਕੁਦਰਤਿ ਦੇ ਜੀਅ ਜੰਤ ਦੇ ਕਰਮਾ ਦਾ (ਅਕਰਮਾਂ ਸੁਕਰਮਾਂ ਦਾ) ਆਪੇ ਹੀ ਬੀਚਾਰ ਕਰਦਾ ਹੈ। ਖੋਟਿਆ ਖਰਿਆ ਦਾ ਪਰਖਣਹਾਰਾ ਭੀ ਆਪ ਹੀ ਹੈ। ਖੋਟਿਆ ਦੇ ਖੋਟੇ ਦੁਕ੍ਰਿਤ ਕਰਮਾਂ ਦਾ ਅਤੇ ਖਰਿਆ ਦੇ ਖਰੇ ਸੁਕ੍ਰਿਤ ਕਰਮਾ ਦਾ ਪਰਖ ਪਰਖਾਇ ਕੇ ਨਿਖੇੜਾ ਨਿਬੇੜਾ ਭੀ ਆਪ ਹੀ ਕਰਦਾ ਹੈ। ਖਰਿਆਂ ਨੂੰ ਓਹਨਾਂ ਦੇ ਖਰੇ ਦੁਧ ਧੋਤੇ ਕਰਮਾ ਦੀ ਸੁਭ ਕਰਨੀ ਅਨੁਸਾਰ ਅਪਣੀ ਪਰਵਾਨਗੀ ਦੇ ਖਜਾਨੇ ਵਿਚਿ ਪਾ ਲੈਂਦਾ ਹੈ। ਖੋਟਿਆਂ ਨੂੰ ਓਹਨਾ ਦੇ ਖੋਟੇ ਕਰਮਾਂ ਕਰ ਕੇ ਬਾਹਰਿ ਕਢਿ ਕੇ ਪਰੇ ਵਗਾਹ ਮਾਰਦਾ ਹੈ। ਸਚੇ ਦੀ ਸਚੀ ਦਰਗਾਹੇ ਖੋਟਿਆਂ ਦੀ ਕੁਛ ਨਹੀਂ ਵਟੀਦੀ। ਓਹ ਸੱਚੀ ਦਰਗਾਹੇ ਵੜਨੇ ਨਹੀਂ ਪਾਉਂਦੇ। ਜੇ ਕਿਤੇ ਘੁਸੜ ਭੀ ਜਾਣ ਮਲੋ ਮਲੀ ਤਾਂ ਬਾਹਰਿ ਕਢਿ ਸੁਟੀਦੇ ਹਨ। ਓਹਨਾਂ ਦੀ ਕੂਕ ਪੁਕਾਰ ਕੋਈ ਨਹੀਂ ਸੁਣਦਾ। ਕਿਸ ਅਗੇ ਜਾ ਕੇ ਪੁਕਾਰ ਕਰਨ । ਓਹਨਾ ਨੂੰ ਹੋਰ ਕੋਈ ਨਹੀਂ ਕਬੂਲਦਾ। ਹਾਰ ਕੇ ਸਤਿਗੁਰੂ ਦੇ ਪਿਛੇ ਭਜ ਕੇ ਉਸੇ ਦੀ ਸਰਨੀ ਜਾ ਢਹਿੰਦੇ ਹਨ ਅਤੇ ਘਿਗਿਆ ਕੇ ਜਦੋਂ ਲੇਲ੍ਹੜੀਆ ਕਢਦੇ ਹਨ ਕਿ ਸਾਨੂੰ ਬਖਸ਼ ਲਵੋ ਤਾਂ ਸਤਿਗੁਰੂ ਦਇਆਲ ਦਾਤਾ ਓਹਨਾ ਨੂੰ ਅਪਣੇ ਲੜਿ ਲਾ ਲੈਂਦਾ ਹੈ। ਲੜਿ ਲਗਿਆਂ ਦੀ ਲਾਜ ਸਤਿਗੁਰੂ ਪਾਲਦਾ ਹੈ। ਗੁਰੂ ਨਾਨਕ ਦਾ ਘਰ ਸਦਾ ਬਖਸਿੰਦ ਹੈ। ਸਤਿਗੁਰੂ ਅਪਣੀ ਕਿਰਪਾ ਕਰਿ ਓਹਨਾਂ ਨੂੰ ਸੁਮੱਤਿ ਬਖਸਦਾ ਹੈ। ਗੁਰਮਤਿ ਦੀਖਿਆ ਦਾਨ ਅਪਣੇ ਦੁਆਰਿਓ ਦਿਵਾਉਂਦਾ ਹੈ। ਅਤੇ ਉਸ ਦੀਖਿਆ ਗੁਰਮੰਤ੍ਰ ਦੀ ਕਮਾਈ ਕਰਨ ਲਾ ਦਿੰਦਾ ਹੈ। ਇਹੀ ਕਰਨੀ (ਗੁਰ ਸਬਦ ਦੀ ਕਮਾਈ) ਹੀ ਸਾਰ ਕਰਣੀ ਹੈ। ਜਿਸ ਕਰਕੇ ਕਿ ਉਹ ਸਤਿਗੁਰੂ ਦੇ ਪਰਤਾਪ ਨਾਲਿ ਖੋਟਿਓ ਖਰੇ ਹੋ ਜਾਂਦੇ ਹਨ ਐਸਾ ਹੈ ਸਤਿਗੁਰੂ ਸੁਖ ਦਾਤਾ ਕਰਮ ਬਿਧਾਤਾ। ਸਬਦ ਦੀ ਸਾਰ ਕਮਾਈ ਦੁਆਰਾ ਖੋਟਿਆਂ ਦਾ ਜਨਮ ਜੀਵਨੁ ਭੀ ਸੰਵਾਰ ਦਿੰਦਾ ਹੈ। ਇਸ ਬਿਧਿ ਓਹ ਗੁਰੂ ਘਰ ਦੇ ਪਰਮ ਪ੍ਰੇਮੀ ਅਤੇ ਪੰਚ ਪਰਵਾਣ ਪਿਆਰੇ ਬਣ ਜਾਂਦੇ ਹਨ। ਗੁਰੂ ਦੇ ਬਖ਼ਸ਼ੇ ਪ੍ਰੇਮ ਪਿਆਰ ਕਰ



www.AKJ.Org

ਕੇ ਵਾਹਿਗੁਰੂ ਦੀ ਸਚੀ ਦਰਗਾਹ ਵਿਚਿ ਭੀ ਓਹ ਪਰਵਾਨੇ ਮੰਨੇ ਜਾਂਦੇ ਹਨ। ਤਿਨਾਂ ਦੇ ਕਰਮਾਂ ਦੀ ਗਿਣਤੀ ਕੋਈ ਕੀ ਕਰ ਸਕਦਾ ਹੈ ਜਿਨ੍ਹਾਂ ਨੂੰ ਗੁਰੂ ਕਰਤਾਰ ਨੇ ਆਪਿ ਬਖਸ਼ ਦਿਤਾ ਹੈ।

ਧਰਮਰਾਇ ਖੁਦ ਭੀ ਓਹਨਾਂ ਤੋਂ ਓਹਨਾਂ ਦੇ ਕਰਮਾਂ ਦਾ ਲੇਖਾ ਨਹੀਂ ਲੈ ਸਕਦਾ। ਯਥਾ ਗੁਰਵਾਕ :-

ਆਪੇ ਕੁਦਰਤਿ ਸਾਜਿ ਕੇ ਆਪੇ ਕਰੇ ਬੀਚਾਰੁ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥
ਖਰੇ ਖਜਾਨੈ ਪਾਈਅਹਿ ਖੋਟੇ ਸੁਟੀਅਹਿ ਬਾਹਰ ਵਾਰਿ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰੁ॥
ਸਤਿਗੁਰ ਪਿਛੈ ਭੱਜਿ ਪਵਹਿ ਏਹਾ ਕਰਣੀ ਸਾਰੁ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥
ਸਚੀ ਦਰਗਹ ਮੰਨੀਅਹਿ ਗੁਰ ਕੈ ਪ੍ਰੇਮਿ ਪਿਆਰਿ॥

(ਪੰਨਾ੧੪੩) (ਪਉੜੀ ਵਾਰ ਮਾਝ ਕੀ)

ਐਸਾ ਹੈ ਕਰਮ ਬਿਧਾਤਾ ਗੁਰੂ ਕਰਤਾਰ । ਕਰਤੇ ਦਾ ਕੀਤਾ ਹੋਇਆ ਹੋਣ ਕਰ ਕੇ ਮਾਨੁਖ ਓਹੀ ਕਰਮ ਕਰਦਾ ਹੈ ਅਤੇ ਉਸ ਦਾ ਉਹੀ ਕਰਮ ਕੀਤਾ ਥਾਇ ਪੈਂਦਾ ਹੈ ਜੋ ਕਰਤੇ ਦੀ ਰਜ਼ਾ ਅਨੁਸਾਰ ਹੋਵੇ। ਕਰਤੇ ਦਾ ਕੀਤਾ ਹੋਇਆ ਅਪਲਗ ਮਾਨਸ ਕਰਤੇ ਦਾ ਕਰਾਇਆ ਕਰਮ ਕਰਦਾ ਹੈ। ਉਸ ਦੇ ਗੋਚਰਾ ਕੁਝ ਨਹੀਂ। ਉਸ ਨੂੰ ਪੁਛਦਾ ਕੋਈ ਨਹੀਂ। ਤਿਸ ਨੂੰ ਕਹਿ ਪੁਛ ਕੇ ਕਿਸੇ ਨੇ ਕੀ ਲੈਣਾ ਕਰਨਾ ਹੈ। ਕਰਤੇ ਦੇ ਕੀਤੇ ਹੋਏ ਜੀਵ ਦੇ ਵਸਿ ਕਿਛ ਨਹੀਂ। ਉਸ ਨੂੰ ਕੀ ਕਹਿਣਾ ਹੋਇਆ। ਕੀਤੇ ਹੋਏ ਜੀਵ ਦੀ ਚਤਰਾਈ ਕਰਤੱਬ ਕਰਮਾਈ-ਚਤੁਰਾਈ ਏਥੇ ਪੁਜਦੀ ਨਹੀਂ। ਕਰਨਹਾਰ ਕਰਤਾਰ ਨੇ ਜੋ ਕੁਛ ਕਰਨਾ ਹੈ ਸੋ ਕਰ ਰਹਿਆ ਹੈ ਅਤੇ ਕਰ ਕੇ ਹੀ ਰਹੇਗਾ। ਹੇ ਕਰਤਾਰ । ਤੇਰਾ ਹੁਕਮ ਹੀ ਭਲਾ। ਤੇਰੇ ਹੁਕਮ ਅਨੁਸਾਰ ਜੋ ਤੁਧਨੋਂ ਭਾਵੇ ਸੋਈ ਭਲਾ ਹੈ। ਸੋਈ ਅਸਾਨੂੰ ਕਰਨਾ ਉਚਿਤ ਹੈ। ਤੈਨੂੰ ਤੇਰਾ ਹੁਕਮ ਹੀ ਭਲਾ ਭਾਉਂਦਾ ਹੈ। ਅਤੇ ਤੇਰਾ ਹੁਕਮਾਂ ਸਿਰਿ ਹੁਕਮੁ ਸਚੜਾ ਹੁਕਮ ਹੈ ਸਿਫਤਿ ਸਾਲਾਹ, ਨਾਮ ਸਾਲਾਹਣਾ, ਨਾਮ ਦੀ ਸਿਫਤਿ ਕਮਾਈ ਵਾਲਾ ਕਰਮ ਕਮਾਵਣਾ। ਤਾਂਤੇ ਤਿਸੇ ਨੂੰ ਸਚੇ ਪੁਰਖ ਕਰਤਾਰ ਦੇ ਦਰਬਾਰ ਵਿਚਿ ਵਡਿਆਈ ਮਿਲਦੀ ਹੈ ਜੋ ਸਚੇ ਨਾਮ ਦੀ ਅਭਿਆਸ ਕਰਮ ਕਮਾਈ ਕਰਦਾ ਕਰਦਾ ਸਚੇ ਨਾਮ ਦੇ ਜੋਤਿ ਜੋਤੀਸ ਸਰੂਪ ਵਿਚਿ ਸਮਾ ਜਾਵੇ। ਜੋ ਕਰਤਾਰ ਕਰਨੇਹਾਰ ਦਾ ਧੁਰੋਂ ਲਿਖਿਆ ਹੋਇਆ ਹੁਕਮ (ਪਰਵਾਨ) ਹੈ ਤਿਸ ਅਨੁਸਾਰ ਹੀ ਜੀਵ ਦੇ ਕਰਮ-ਰੇਖ ਅਨੁਸਾਰੀ ਕਿਰਤ ਪਈ ਹੋਈ ਹੈ। ਨਾ ਕਰਤਾਰ ਦਾ ਹੁਕਮ ਫਿਰੇ ਨਾ ਇਹ ਕਿਰਤ-ਰੇਖ ਫਿਰੇ। ਨਾ ਇਹ ਹੁਕਮ ਇਕ ਵਾਰ ਲਿਖਿਆ ਜਾ ਕੇ ਫੇਰ ਕਿਸੇ ਦਾ ਮੁੜਾਇਆ ਮੁੜ ਸਕੇ, ਨਾਹੀਂ ਮਸਤਕਿ ਵੁੜੀ ਕਰਮ ਰੇਖ ਮਿਟ ਸਕੇ। ਜੈਸਾ ਕਰਨਹਾਰ ਕਰਤਾਰ ਨੇ ਲੇਖ ਲਿਖਿਆ ਹੈ ਤੈਸਾ ਹੀ ਕਰਮ ਕਰਨਾ ਉਸ ਦੇ ਗਲਿ ਪਿਆ ਹੈ। ਉਕਤ ਕਰਮ ਉਸ ਨੂੰ ਕਰਨਾ ਹੀ ਪਵੇਗਾ। ਹਿਕਮਤਿ ਹੁੱਜਤੀ ਪੁਕਾਰ ਉਸ ਦੀ ਸੁਣੀ ਨਹੀਂ ਜਾਏਗੀ। ਹਰਿ ਦਰਗਹਿ ਬਹੁਤਾ ਬੋਲਣ ਵਾਲੇ ਦਾ ਨਾਉਂ ਬੋਲ ਵਿਗਾੜ ਮੂਰਖ ਗਵਾਰ ਬਜ਼ਾਰੀ ਹੀ ਪਵੇਗਾ। ਜ਼ਿੰਦਗੀ ਰੂਪੀ ਸਤਰੰਜ ਦੀ ਬਾਜ਼ੀ ਪੁਗਦੀ ਨਹੀਂ ਅਤੇ ਨਰਦ ਕੱਚੀ ਰਹਿੰਦੀ ਹੈ। ਹੁਕਮੀ ਬੰਦਾ ਸੋਈ ਹੈ ਜੋ ਉਸਦੇ ਹੁਕਮ ਫੁਰਮਾਨੀ ਬੰਦਸ਼ ਵਿਚਿ ਬੰਦੀ ਅੰਦਰਿ ਬੰਦਗੀ ਕਰਦਾ ਹੈ। ਸਿਫਤਿ ਸਾਲਾਹੀ ਕਰਮ ਕਰਦਾ ਹੈ ਅਤੇ ਹੁਕਮ ਸਤਿ ਸਤਿ ਕਰਿ ਮੰਨਦਾ ਹੈ। ਏਥੇ ਦਾਨੇ ਬੀਨੇ ਪੜ੍ਹਿਆਂ ਹੋਇਆਂ ਕਰਮ ਅਭਿਮਾਨੀ ਪੰਡਤਾਂ ਦਾ ਕੋਈ ਚਾਰਾ ਨਹੀਂ ਚਲਦਾ। ਨਾਂ ਹੀ ਮੂਰਖਾਂ ਦੇ ਮੰਦ ਕਰਮਾਂ ਦੀ ਹੀ ਗਿਣਤੀ ਗਣੀ ਜਾਂਦੀ ਹੈ। ਕਿਸੇ ਦੀ ਘਾਲ ਥਾਇ ਪਾਉਣੀ ਹੋਵੇ ਤਾਂ ਪੁਰਖਾ ਦੀ ਮੰਦ ਕਰੰਮੀ ਰੇਖਾ ਨੂੰ ਭੀ ਉਹ ਮਿਟਾਇ ਦਿੰਦਾ ਹੈ। ਅਤੇ ਮੰਦ ਕਰਮੀਆਂ ਨੂੰ ਸੁਕ੍ਰਿਤ ਕਰਮੀ ਬਣਾ ਦਿੰਦਾ ਹੈ। ਯਥਾ ਗੁਰਵਾਕ :-

ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ॥੧॥
ਤੇਰਾ ਹੁਕਮੁ ਭਲਾ ਤੁਧੁ ਭਾਵੈ॥ ਨਾਨਕ ਤਾਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ॥੧॥ਰਹਾਉ॥ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ॥
ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ॥੨॥
ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ॥
ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ॥੩॥
ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ॥
ਬੰਦੀ ਅੰਦਰਿ ਸਿਫਤਿ ਕਰਾਏ ਤਾਕਉ ਕਹੀਐ ਬੰਦਾ॥੪॥੨॥੩੬)

(ਆਸਾ ਮਹਲਾ ੧) (ਪੰਨਾ ੩੫੯)

ਜਿਸ ਤੇ ਉਹ ਆਪ ਦਇਆਲ ਹੁੰਦਾ ਹੈ ਤਿਸ ਨੂੰ ਆਪਣਾ ਹੁਕਮ ਆਪ ਬੁਝਾ ਦਿੰਦਾ ਹੈ। ਅਤੇ ਹੁਕਮ ਬੁਝਾ ਕੇ ਉਸ ਤੋਂ ਹੁਕਮ ਅਨੁਸਾਰੀ ਕਰਮ ਕਰਾਉਂਦਾ ਹੈ। ਅਤੇ ਸਚੇ ਲੇਖੇ ਲਾਉਂਦਾ ਹੈ। ਜਿਸ ਨੂੰ ਆਪ ਭੁਲਾਏ ਉਹ ਨਿਤ ਨਵੀ ਮਉਤ ਕਰਦਾ ਹੈ ਅਤੇ ਨਿਤ ਨਵੀਂ ਜੂਨ ਜੰਮਦਾ ਹੈ।

ਨਾਨਕ ਜਿਸਹਿ ਦਇਆਲ ਬੁਝਾਏ ਹੁਕਮ ਮਿਤ॥
ਜਿਸਹਿ ਭੁਲਾਏ ਆਪਿ ਮਰਿ ਮਰਿ ਜੰਮਹਿ ਨਿਤ॥

(ਪੰਨਾ ੫੨੩)

ਕਰਤਾਰ ਕਰਤਾ ਪੁਰਖ ਦੇ ਕਰਨ ਕਾਰਨ ਸਮਰਥ ਹੋਣ ਪਰਥਾਇ ਹੇਠ ਲਿਖਿਆ ਗੁਰੂ ਪਰਮਾਣ ਖੂਬ ਢੁਕਦਾ ਹੈ।

ਯਥਾ ਗੁਰਵਾਕ:-

ਬਿਲਾਵਲ ਮਹਲਾ ੫॥

ਜਿਨਿ ਤੂੰ ਬੰਧਿ ਕਰਿ ਛੋਡਿਆ ਫੁਨਿ ਸੁਖ ਮਹਿ ਪਾਇਆ॥
ਸਦਾ ਸਿਮਰਿ ਚਰਣਾਰ ਬਿੰਦ ਸੀਤਲ ਹੋਤਾਇਆ॥
ਜੀਵਤਿਆ ਅਥਵਾ ਮੁਇਆ ਕਿਛੁ ਕਾਮਿ ਨ ਆਵੈ॥ ਜਿਨਿ ਏਹੁ ਰਚਨੁ ਰਚਾਇਆ ਕੋਊ ਤਿਸ ਸਿਉ ਰੰਗੁ ਲਾਵੈ॥੧॥ਰਹਾਉ॥
ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ॥ ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ॥੨॥
ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ॥
ਕਿਰਤੁ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ॥੩॥
ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ॥
ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ॥

(ਪੰਨਾ ੮੧੬) ॥੩॥੫॥੬੦॥

ਭਾਵ:- ਜਿਸ ਕਰਨਹਾਰ ਕਰਤਾਰ ਸਿਰਜਨਹਾਰ ਨੇ ਇਸ ਜੀਵ ਨੂੰ ਸਿਰਜ ਕੇ ਗਰਭ ਵਿਖੇ ਨੌਂ ਦਸ ਮਾਸ ਪਾਇ ਰਖਿਆ ਅਤੇ ਬੰਧਿ ਰਹਾਇ ਰਖਿਆ ਤਿਸ ਗਰਭ ਬੰਧਨ ਵਿਚਿ ਬੰਧੇ ਹੋਏ ਨੂੰ ਗਰਭ ਕੁੰਡ ਵਿਖੇ ਭੀ ਜੀਵਾਇ ਰਖਿਆ ਅਤੇ ਗਰਭ ਅਗਨੀ ਦਾ ਸੇਕ ਨ ਲਗਣ ਦਿਤਾ ਅਤੇ ਫੇਰ ਇਸ ਗਰਭ ਦੀ ਕੈਦ ਚੋਂ ਕਢ ਕੇ ਬਾਹਰ ਖੁਲ੍ਹੀ ਪਉਣ ਲਵਾਈ ਅਤੇ ਖੁਲ੍ਹਾ ਸਾਹ ਲਵਾਇਆ। ਇਉਂ ਗਰਭ-ਅਸਥਾਨੜੇ ਦੁਖ ਚੋਂ ਕਢ ਕੇ ਸੁਖ ਮਹਿ ਪਾਇਆ, ਸੁਖੀ ਕੀਤਾ ਐਸੇ ਸੁਖਦਾਇਕ ਸੁਖ ਪਾਇਕ ਬੰਧਨ ਛਡਾਇਕ ਸਮਰਥ ਪ੍ਰਭੂ ਪਰਮੇਸਰ ਦਾ ਸਦਾ ਸਦਾ ਸਿਮਰਨ ਕਰਿ ਹੇ । ਪ੍ਰਾਣੀ । ਉਸਦੀ ਚਰਨ ਸਰਨ ਢਹਿ ਕੇ। ਜਿਸ ਸਿਮਰਨ ਦੇ ਪਰਤਾਪ ਨਾਲਿ ਸਦਾ ਸਦਾ ਸੀਤਲਤਾ ਵਰਤੇਗੀ। ਆਪੋਂ ਤਾਂ ਇਹ ਜੀਵ ਕਿਸੇ ਕੰਮ ਨਹੀਂ ਆਉਂਦਾ। ਨਾ ਜੀਉਂਦਾ ਨਾ ਮੋਇਆ। ਕਿਸੇ ਕੰਮ ਦਾ ਨਹੀਂ। ਤਾਂਤੇ ਇਸ ਜੀਵ ਨਾਲਿ ਯਾ ਜੀਵ ਰਚੱਨੀ ਰਚਨਾ ਨਾਲਿ ਮੋਹ ਲਾਉਣਾ ਬਿਰਥਾ ਹੈ। ਜਿਸ ਮਾਇਆ ਨਾਲਿ ਜੀਵ ਦੀ ਮਮਤਾ ਹੋ ਜਾਂਦੀ ਹੈ ਉਹ ਭੀ ਬਿਨਾਸਮਾਨ ਹੈ। ਉਸ ਨਾਲਿ ਨੇਹ ਲਾਉਣਾ ਭੀ ਬੇਫਾਇਦਾ ਹੈ। ਜਿਸ ਸਿਰਜਨਹਾਰ ਕਰਤਾਰ ਨੇ ਇਹ ਰਚਨਾ ਸਚੀ ਅਤੇ ਅਪਨੀ ਰਚਨਾ ਦੁਆਰਾ ਇਹ ਜੀਵ ਰਚਿਆ ਬਿੰਦ ਤੋਂ ਪਿੰਡ ਤੇ ਪਿੰਡ ਤੋਂ ਜੀਵ ਮਾਨੁਖ ਪ੍ਰਾਨਾਧਾਰੀ ਬਣਾ ਦਿਤਾ ਉਸ ਰਚਨਹਾਰ ਕਰਤਾਰ ਨਾਲਿ ਕੋਈ ਵਿਰਲਾ ਹੀ ਪ੍ਰੇਮ ਰੰਗ ਲਾਉਂਦਾ ਹੈ। ਜੋ ਲਾਉਂਦਾ ਹੈ ਸੋ ਵਡਿਭਾਗਾ ਸੁਖ ਸੋਹਾਗਾ ਹੈ। ਸਭ ਕੁਛ ਕਰਤੇ ਦੇ ਵਸਿ ਹੈ ਪ੍ਰਾਨੀ ਦੇ ਵਸਿ ਕੁਛ ਭੀ ਨਹੀਂ। ਗਰਮੀ ਸਰਦੀ ਦਾ ਕਰਨਹਾਰ ਕਰਤਾ ਹੈ। ਹੁੱਸੜ ਤਪਤ ਵਿਚੋਂ ਕਢ ਕੇ ਠੰਡਕ ਮਈ ਕੁਸਲ ਸੁਖ ਵਰਤਾਵਣਹਾਰਾ ਭੀ ਓਹੀ ਸਿਰਜਨਹਾਰੁ ਹੈ। ਉਸ ਦੀ ਉਸ ਸਰਬ ਕਲਾ ਸਮਰਥ ਦੀ ਸਮਰਥਤਾ ਅਪਰ ਅਪਾਰ ਹੈ। ਕੀੜੀ ਤੋਂ ਹਾਥੀ ਬਣਾ ਸਕਦਾ ਹੈ। ਕੀੜੀ ਦੀ ਹੇਚ ਹਸਤੀ ਤੋਂ ਹਾਥੀ ਦੀ ਵਿਸ਼ੇਸ਼ ਤਾਕਤ ਦੇ ਸਕਦਾ ਹੈ। ਜਨਮ ਜਨਮ ਦੇ ਵਾਹਿਗੁਰੂ ਤੋਂ ਟੁਟੇ ਨੂੰ ਵਾਹਿਗੁਰੂ ਨਾਲਿ ਫੇਰ ਗੰਢ ਸਕਦਾ ਹੈ। ਜੋੜ ਸਕਦਾ ਹੈ। ਅੰਡਜ, ਜੇਰਜ, ਸੇਤਜ, ਉਤਭੁਜ ਜੀਵ ਜੋਨੀ ਦੀਆਂ ਚਾਰੇ ਖਾਣੀਆਂ ਏਹ ਸਭ ਪ੍ਰਭੂ ਪ੍ਰਮਾਤਮਾ ਦੀ ਹੀ ਕਿਰਤ ਹੈ। ਉਸੇ ਕਰਨਹਾਰ ਕਰਤਾਰ ਦੀਆ ਹੀ ਕੀਤੀਆ ਹੋਈਆਂ ਹਨ। ਅੰਡਜ ਅੰਡੇ ਤੋਂ ਪਦਾਇਸ਼ ਦੇਣ ਵਾਲੀ ਖਾਣੀ,ਜੇਰਜ ਜੇਰ ਤੋਂ ਪੈਦਾ ਹੋਣ ਵਾਲੀ ਖਾਣੀ, ਸੇਤਜ ਪਸੀਨੇ ਤੋਂ ਪੈਦਾ ਹੋਣ ਵਾਲੀ ਖਾਣੀ, ਉਤਭੁਜ ਬਨਾਸਪਤੀ ਤੋਂ ਉਗਵਨ ਵਾਲੀ ਖਾਣੀ, ਏਹ ਚਾਰੇ ਖਾਣੀਆ ਕਰਤੇ ਪੁਰਖ ਦੀਆ ਕੀਤੀਆਂ ਹੋਈਆਂ ਹਨ। ਏਹ ਚਾਰ ਖਾਣੀਆ ਤਾਂ ਪਰਸਿਧ ਹਨ ਜੋ ਆਮ ਇਲਮ ਵਿਚਿ ਆ ਚੁਕੀਆਂ ਹਨ। ਏਦੂੰ ਛੁਟ ਹੋਰ ਅਣਗਿਣਤ ਖਾਣੀਆਂ ਹਨ ਜਿਨਾਂ ਦੀ ਗਿਆਤ (Knowledge) ਇਲਮੁਲ ਗ਼ਾਇਬ ਦੁਆਰਾ ਹੀ ਹੋ ਸਕਦੀ ਹੈ। ਐਸਾ ਬੇਅੰਤ ਰਚਨਾ ਦਾ ਰਚਨਹਾਰ ਕਰਤਾ ਪੁਰਖ ਕਰਤਾਰ ਹੈ। ਏਹਨਾਂ ਸਾਰੀਆ ਅਤੇ ਸਮੁਚੀਆਂ ਖਾਣੀਆਂ ਦੇ ਅਗਿਣਤ ਜੀਵਾਂ ਦੀ ਕਿਰਤ ਕਰੰਮੀ ਕਮਾਈ ਕਰਵਾਨਹਾਰਾ ਅਤ ਉਕਤ ਨਾਨ੍ਹਾ ਪਰਕਾਰੀ ਕਮਾਈਆਂ ਨੂੰ ਫਲ ਦੇਵਣਹਾਰਾ ਕੇਵਲ ਵਾਹਿਗੁਰੁ ਸਰਬ ਜੀਆ ਆਧਾਰਾ ਹੀ ਹੈ। ਐਸੇ ਸਰਬ ਜੀਆਂ ਆਧਾਰੇ ਸਰਬ ਜੀਵਾਂ ਦੀਆਂ ਕਿਰਤ ਕਮਾਈਆ ਨੂੰ ਫਲ ਦੇਵਣਹਾਰੇ ਵਾਹਿਗੁਰੂ ਨੂੰ ਨਿਤਾ ਪ੍ਰਤਿ ਨਾਮ ਦੀਆ ਨਾਮ ਕੀਰਤਨ ਦੀਆਂ ਨਿਰਤਕਾਰੀਆਂ ਕਰਿ ਕਰਿ ਰਾਵਨਾ ਧਿਆਵਨਾ ਉਚਿਤ ਹੈ। ਐਸੇ ਰਵਨ ਯੋਗ ਗੋਬਿੰਦ ਨੂੰ ਇਸ ਬਿਧਿ ਰਵਨਾ ਵਾਹਿਗੁਰੂ ਬੋਲਾਏ ਗੁਰਮੁਖਾ ਦਾ ਹੀ ਸ਼ੁਭ ਸੁਕ੍ਰਿਤ ਕਰਮ ਹੈ। ਹੇ ਵਾਹਿਗੁਰੂ ਸਾਥੋਂ ਅਪਣੀ ਕਰਮ ਕਰਤੂਤ ਨਾਲਿ ਸਾਥੋਂ ਆਪੇ ਹੀ ਅਪਣੇ ਜੋਰ ਤਾਣ ਨਾਲਿ ਕੁਛ ਭੀ ਨਹੀਂ ਹੁੰਦਾ ਨਾ ਹੋ ਸਕਦਾ ਹੈ। ਤੂੰਹੀ ਸਮਰਥ ਹੈਂ । ਜੋ ਕਰਹਿ ਕਮਾਵਹਿ ਸਭ ਤੂੰਹੀ ਸਮਰਥ ਹੈ। ਯਾ ਤੇਰੇ ਦਰ ਘਰ ਦੇ ਗੁਰਮੁਖ ਸਾਧ ਜਨ ਇਹ ਸਮਰਥਤਾ ਰਖਦੇ ਹਨ। ਇਹ ਸੰਸਾਰੀ ਮੋਹ ਮਮਤਾ ਦੇ ਅਲਪਗ ਮਾਯਾਵੀ ਜੀਵ ਸਭ ਅਸਮਰਥ ਹਨ। ਹੇ ਗੁਰੂ ਨਾਨਕ । ਤੂੰ ਹੀ ਏਹਨਾ ਅਸਮਰਥ ਜੀਵਾਂ ਨੂੰ ਮੋਹ ਮਗਨਤਾ ਦੇ ਅੰਧ ਕੂਪ ਤੋਂ ਬਾਹਿਰ ਕਢਿ ਲੈ। ਨਰਕੀ ਜੀਵਾਂ ਨੂੰ ਨਰਕ ਘੋਰ ਤੋਂ ਕਢਣਹਾਰਾ ਕਰਮ ਬਿਧਾਤਾ ਗੁਰੂ ਕਰਤਾਰ ਹੀ ਹੈ।

ਜਿਨ੍ਹਾਂ ਉਪਰ ਕਰਮ ਬਿਧਾਤੇ ਗੁਰੂ ਕਰਤਾਰ ਦੀ ਕਿਰਪਾ ਹੁੰਦੀ ਹੈ ਓਹਨਾਂ ਦਾ ਐਸਾ ਕਰਮ ਖੁਲ੍ਹਦਾ ਹੈ ਓਹਨਾਂ ਦੀ ਨਾਮ ਰਸਕ ਸੁਰਤੀ ਬਿਰਤੀ ਦਾ ਐਸਾ ਉਘਾੜ


www.AKJ.Org

ਹੋ ਜਾਂਦਾ ਹੈ ਕਿ ਓਹ ਹਰ ਦਮ ਕੀਰਤਨ ਮਸਤਾਨੇ ਹੀ ਹੋ ਰਹਿੰਦੇ ਹਨ। ਤਿਨ੍ਹਾਂ ਦੇ ਕੀਰਤਨ ਕਰੰਮੀ ਕਿਵਾੜ ਐਸੇ ਖੁਲ੍ਹਦੇ ਹਨ ਕਿ ਗੁਰਬਾਣੀ ਦੀ ਅੰਗਮ ਕੀਰਤਨ ਕਲਾ ਤਿਨ੍ਹਾਂ ਨੂੰ ਸੁਤੇ ਸਫੁਰਨ ਹੋਇ ਆਉਂਦੀ ਹੈ ਤੇ ਓਹ ਅਨ ਦਿਨ ਮਸਤੂਲ ਮਸਤ ਹੋ ਕੇ ਰਸ ਵਿਗਾਸ ਅਨੰਦੀ ਵਜਦਾ ਵਿਚਿ ਆ ਕੇ ਕੀਰਤਨ ਕਰਦੇ ਹਨ। ਕਦੇ ਥਕਦੇ ਨਹੀਂ। ਬਿਨਾ ਪ੍ਰੀਸ਼ਰਮ ਤੋਂ ਹੀ ਕੀਰਤਨ ਕਲਾ ਵਰਤਦੀ ਹੈ। ਓਹਨਾ ਦੇ ਸਾਰੇ ਪ੍ਰੀਸ਼ਰਮ ਸ਼ਰਮ ਉਦਮੀ ਪਰਯਤਨ ਰਹਿ ਖੜੋਂਦੇ ਹਨ। ਓਹਨਾ ਦਾ ਅਨੰਦ ਅਝੱਲ. ਅਸਥਿਤ ਥਾਵੀਂ ਮੁਕਾਮੀ ਬਿਸਰਾਮ ਅਸਥਿਰਾਮ ਹੋ ਜਾਂਦਾ ਹੈ। ਓਹਨਾ ਦੀ ਸਗਲੀ ਧਾਵਣੀ ਮਿਟ ਜਾਂਦੀ ਹੈ। ਸੁਰਤਿ ਬਿਰਤਿ ਧਾਵਨੀ ਭੀ ਮਿਟ ਜਾਂਦੀ ਹੈ। ਧੰਧੇ ਧਾਵਨੀ ਭੀ ਮਿਟ ਜਾਂਦੀ ਹੈ। ਜੂਨੀਆ ਵਚਿ ਆਵਾਗਵਨੀ ਭੀ ਸਗਲੀ ਮਿਟਿ ਜਾਂਦੀ ਹੈ। ਐਸੇ ਕੀਰਤਨ ਕਰਾਮੀ ਸੁਰਤਿ ਬਿਸਰਾਮੀ ਗੁਰਮੁਖ ਜਨ ਨੂੰ ਜੀਵਨ ਪਦਵੀ ਪਾਉਣ ਦਾ ਸਰਬ ਅਨੁਦਾਈ ਪਰਮ ਸੁਖੁ ਪ੍ਰਾਪਤਿ ਹੋ ਜਾਂਦਾ ਹੈ। ਐਸੇ ਜੀਵਨ ਪਦ ਪਾਵਨੇ ਅਨਦ ਅਨੰਦੀ ਜਨਾਂ ਨੂੰ (ਅਨਦ ਅਨੰਦਿਆਂ ਨੂੰ) ਹੀ ਪੁਰਖ ਬਿਧਾਤੇ ਦੇ ਰਿਦ ਵਿਚ ਸਿਮਰਨ ਦੀ ਬਿਸਮਾਦ ਸੁਰਤਿ ਅਰਾਧਨੀ ਸੁਝਿ ਬੂਝਿ ਸਫੁਰਤ ਹੁੰਦੀ ਹੈ। ਅਜੇਹੇ ਅਗਾਧ ਆਨੰਦਨੀ ਸੁਰਤੇ ਜਨਾ ਗੁਰਮੁਖ ਸੰਤਾ ਕੀਰਤਨ ਕਰੰਤਾ ਦੀ ਸੰਗਤ ਸਰਨਾਗਤਿ ਅਭਿਆਸੀ ਜਨਾਂ ਦੇ ਅਭਿਆਸ ਝਰਨੇ ਸੁਤੇ ਸੁਭਾਵ ਅਤੇ ਨਿਰਯਤਨ ਹੀ ਝਰਨ ਲਗ ਪੈਂਦੇ ਹਨ। ਤਿਨਾ ਦੇ ਕਾਮੁ, ਕ੍ਰੋਧ ਲੋਭ ਮੋਹ ਸਾਰੇ ਹੀ ਨਿਵਾਰੇ ਜਾਂਦੇ ਹਨ। ਸਾਰੇ ਸੂਖਮ ਅਹੰਕਾਰ ਸੰਸਕਾਰ ਭੀ ਕਾਫੂਰ ਹੋ ਜਾਂਦੇ ਹਨ। ਤਿਨਾ ਦੇ ਅਦੰਰਲੇ (ਪੰਚ ਦੂਤ) ਬਾਹਰਲੇ (ਪੰਚ ਦੂਤ ਮੁੱਜਸਮੀ) ਬੈਰੀ ਸਗਲੇ ਨਵਿਰਤ ਹੋ ਜਾਂਦੇ ਹਨ। ਤਿਨਾ ਨੂੰ ਜੋਤਿ ਜਲਵਨੀ ਜ਼ਾਹਰਾ ਜ਼ਹੂਰ ਹਾਜ਼ਰਾ ਹਜ਼ੂਰ ਵਾਹਿਗੁਰੂ ਹੀ ਵਾਹਿਗੁਰੂ ਸਗਰੇ ਨਜ਼ਰ ਆਉਂਦਾ ਹੈ। ਪਰਤੱਖ ਦੀਹਦਾ ਹੈ। ਜਲਵਨ ਦੀਦਾਰੇ ਦਿਖਾਉਂਦਾ ਦੀਹਦਾ ਹੈ। ਜਹਾਂ ਤਹਾਂ ਮਉਜੂਦ ਦਿਸਦਾ ਹੈ। ਕਦੇ ਭੀ ਅਤੇ ਕਿਤੇ ਜਾ ਕੇ ਭੀ ਦੂਰ (ਦ੍ਰਿਸਟੀਓਂ ਓਹਲੇ) ਨਹੀਂ ਹੁੰਦਾ। ਐਸੀ ਸੁਖ ਸਰਸਨੀ ਸੀਤਲਤਾ (ਠੰਡ) ਕਲੇਜੇ ਵਿਚ ਪਈ ਕਿ ਸਗਲੀ ਡੰਝ ਮਿਟਿ ਗਈ। ਹਿਰਦੇ ਵਿਚਿ ਸਦ ਸੀਤਲਾਣੀ ਠੰਢ ਪਾਉਣ ਵਾਲਾ ਪਰਮਾਤਮ ਦਰਸ ਵਿਗਾਸੀ ਸੱਚਾ ਸੁਖ ਆਇ ਪ੍ਰਾਪਤ ਹੋਇਆ ਜ਼ਹੂਰ ਪਜ਼ੀਰ ਹੋਇਆ ਕਿ ਜਦ ਆਨੰਦ ਖੁਸ਼ੀਆਂ ਵਾਲੀ ਸਰਧਾ ਪੂਰਨ ਹੋ ਗਈ। ਸੰਤ ਸਹਾਈ ਆਇ ਹੋਏ। ਸਰਧਾ ਪੂਰਤ ਗੁਰਮੁਖਿ ਸੰਤ ਜਨਾਂ ਦੀ ਸਹਾਇਤਾ ਨਾਲਿ ਵਾਹਿਗੁਰੂ ਨੇ ਸਾਰੇ ਮਨੋਰਥ ਪੂਰੇ ਕਰ ਦਿਤੇ। ਕੀ ਪਰਮਾਰਥੀ ਕੀ ਪਰਸੁਆਰਥੀ ਕੀ ਸੰਸਾਰੀ ਬਿਵਹਾਰਕੀ ਸਭ ਕਾਮਨਾਵਾਂ ਪੂਰੀਆ ਹੋ ਗਈਆਂ। ਪੁਰਖ ਬਿਧਾਤੇ ਕਰਮ ਫਲ ਪਰਦਾਤੇ ਵਾਹਿਗੁਰੂ ਦੀ ਹੀ ਇਹ ਸਮਰਥਾ ਹੈ ਕਿ ਪਤਿਤ ਕਰਮੀਆ ਨੂੰ ਭੀ ਪਾਵਨ ਪਵਿਤ੍ਰ ਕਰ ਦਿੰਦੀ ਹੈ ਅਤੇ ਖਿਨ ਵਿਚਿ ਕਰ ਦਿੰਦੀ ਹੈ। ਐਸੀ ਖਿਨ ਭੀਤਰੀ ਪਤਿਤੋਂ ਪਵਿਤ੍ਰ ਕਰਨਹਾਰੀ ਵਾਹਿਗੁਰੂ ਪੁਰਖ ਬਿਧਾਤੇ ਦੀ ਸਰਬ ਕਲਾਵੀ ਸਮਰਥਤਾ ਦੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ। ਸਰਬ ਇੱਛ ਪੂਰਕ ਗੋਬਿੰਦ ਗੁਣੀ ਨਿਧਾਨ ਦੀ ਸਰਬ ਓਟਾਈ ਸਰਬ ਸੁਖਦਾਈ ਸਰਧਾ ਭਾਵਨਾਈ ਵਾਲੇ ਗੁਰਮੁਖ ਜਨ ਨਿਰਭਊ ਪਦਵੀ ਨੂੰ ਪ੍ਰਾਪਤਿ ਹੋ ਜਾਂਦੇ ਹਨ। ਤਿਨਾ ਦੇ ਸਗਲੇ ਭਉ ਮਿਟ ਜਾਂਦੇ ਹਨ। ਐਸੇ ਕਰਨ ਕਾਰਨ ਸਮਰਥ ਵਾਹਿਗੁਰੂ ਦਾਤਾਰ ਕਰਮ ਬਿਧਾਤੇ ਗੁਰੂ ਕਰਤਾਰ ਦਾ ਜਸੁ ਦਿਨ ਰੈਨਾਰਿ ਗਾ ਗਾ ਕੇ ਅਤੇ ਲਿਵ ਲਾ ਲਾ ਕੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਕਰਮਵੰਤੇ ਗੁਰਮੁਖ ਜਨ ਸਦਾ ਹੀ ਰੱਜੇ ਰਹਿੰਦੇ ਹਨ। ਸਤਿਗੁਰੂ ਨਾਨਕ ਸਾਹਿਬ ਦੇ ਰਾਹੀਂ ਵਾਹਿਗੁਰੂ ਦੀ ਓਟ ਲੈਣ ਨਾਲਿ ਜੋ ਬਖਸ਼ਸ਼ ਦਾ ਦਰ ਖੁਲ੍ਹਦਾ ਹੈ, ਐਨ ਐਸੀ ਕਰਮ ਬਿਧਾਤਣ ਬਿਵਸਥਾ ਦਾ ਵਰਨਣ ਇਸ ਅਗਲੇਰੇ ਗੁਰਵਾਕ ਅੰਦਰਿ ਹੈ :-

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥ਸ੍ਰਮੁ ਥਾਕਾ ਪਾਏ ਬਿਸਰਾਮਾ ਮਿਟਿ ਗਈ ਸਗਲੀ ਧਾਈ॥੧॥ਅਬ ਮੋਹਿ ਜੀਵਨ ਪਦਵੀ ਪਾਈ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥੧॥ਰਹਾਉ॥ਕਾਮ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥ਸਦ ਹਜੂਰਿ ਹਾਜਰ ਹੈ ਨਾਜਰ ਕਤਹਿ ਨ ਭਇਓ ਦੂਰਾਈ॥੨॥ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ॥੩॥ਨਿਰਭਉ ਭਏ ਸਗਲ ਭੈ ਖੋਏ ਗੋਬਿੰਦ ਚਰਣ ਓਟਾਈ॥ਨਾਨਕ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ॥(ਮਾਰੂ ਮਹਲਾ ੫॥)ਪੰਨਾ੧੦੦੦

ਗਹਿਰ ਗੰਭੀਰ ਵਾਹਿਗੁਰੂ ਸਚੇ ਪਾਤਸ਼ਾਹ ਦਾ ਸਚਾ ਗਿਆਨ ਤੇ ਸਚੰਨਾ ਧਿਆਨ ਭੀ ਗਹਿਰ ਗੰਭੀਰ ਹੈ। ਜਿਸ ਤਰਹ ਵਾਹਿਗੁਰੂ ਦਾ ਅੰਤ ਕੋਈ ਨਹੀਂ ਪਾ ਸਕਦਾ ਤਿਸੇ ਤਰਹ ਉਸ ਦੇ ਗਿਆਨ ਧਿਆਨ ਦਾ ਅੰਤੁ ਭੀ ਨਹੀਂ ਪਾਇਆ ਜਾ ਸਕਦਾ। ਬੇਅੰਤ ਵਾਹਿਗੁਰੂ ਦੇ ਹੁਕਮ ਹਾਸਲ ਦੀ ਹੱਦ ਭੀ ਬੇਅੰਤ ਹੈ। ਵਾਹਿਗੁਰੂ ਦੇ ਹੁਕਮ ਦੀ ਮਾਹੀਅਤ ਭੀ ਕੋਈ ਨਹੀਂ ਜਾਣ ਸਕਦਾ। ਜੇਤੀ ਖੁਦਾਈ ਹੈ ਖੁਦਾਵੰਦ ਦੀ ਤੇਤੀ ਹੀ ਖੁਦਾ ਨੂੰ ਮਿਲਣ ਦੀ ਯਾਚਨਾ ਕਰਦੀ ਹੈ। ਤੇ ਤੀ ਹੀ ਉਸ ਨੂੰ ਚਾਹੁੰਦੀ ਹੈ। ਜਿਸ ਦਾ ਉਸਦੇ ਹੁਕਮ ਅਨੁਸਾਰ ਕਰਮ ਖੁਲ੍ਹਿਆ ਹੈ। ਓਹੀ ਉਸ ਨੂੰ ਪਾਉਂਦਾ ਹੈ। ਸਚਾ ਕਰਮੁ ਸਚਾ ਧਰਮੁ ਧਾਰਮਿਕ ਐਜ ਆਦਰਸ਼ ਵਾਲਾ ਨਾਮ ਅਭਿਆਸ ਰੂਪੀ ਸਚੜਾ ਕਰਮ ਵਾਹਿਗੁਰੂ ਦੇ ਹਥਿ ਹੈ। ਸੋਈ ਇਹ ਕਰਮ ਕਰਦਾ ਹੈ ਜਿਸਨੂੰ ਉਹ ਕਰਾਉਂਦਾ


www.AKJ.Org

ਹੈ, ਹੁਕਮਾਉਂਦਾ ਹੈ। ਹੁਕਮੀ ਵਾਹਿਗੁਰੂ ਦੇ ਹੁਕਮ ਅੰਦਰਿ ਨਾਮ-ਰੂਪੀ ਸਚ ਦੀਆਂ ਬੇਪਰਵਾਹੀਆਂ ਦੇ ਅਖੁੱਟ ਭੰਡਾਰੇ ਹਨ। ਜਿਸ ਨੂੰ ਬੇਪਰਵਾਹ ਹੋ ਕੇ ਵਰਤਾਉਣ ਦਾ ਹੁਕਮੁ ਹੁੰਦਾ ਹੈ, ਤਿਸੇ ਉਪਰ ਹੀ ਉਹ ਵਰਸਦਾ ਹੈ ਤਿਸੈ ਦੀ ਕਿਸਮਤ ਵਿਚਿ ਉਹ ਭੰਡਾਰਾ ਵਰਤਦਾ ਹੈ। ਤਿਸੈ ਨੂੰ ਇਹ ਛਾਂਦਾ ਮਿਲਦਾ ਹੈ। ਉਹ ਦਇਆਲ ਕ੍ਰਿਪਾਲ ਪ੍ਰਭੂ ਹੈ। ਆਪੇ ਹੀ ਕਰਮ ਬਿਧਾਤਾ ਕਿਰਪਾਨਿਧਿ ਨਿਧਾਤਾ ਹੋ ਕੇ ਸਚੜਾ ਮੇਲੁ ਮੇਲਾਉਂਦਾ ਹੈ। ਯਥਾ ਗੁਰਵਾਕ :-

**ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ॥ਕੋਇ ਨ ਜਾਣੈ ਤੇਰਾ ਚੀਰਾ॥ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ॥੩॥ਕਰਮੁ ਧਰਮੁ ਸਚੁ ਹਾਥਿ ਤੁਮਾਰੈ॥ ਵੇਪਰਵਾਹੁ ਅਖੁਟ ਭੰਡਾਰੇ॥ਤੂੰ ਦਇਆਲੁ ਕ੍ਰਿਪਾਲੁ ਸਦਾ ਪ੍ਰਭ ਆਪੇ ਮੇਲਿ ਮਿਲਾਇੰਦਾ ॥੧੪॥੧੬॥**

(ਪੰਨਾ ੧੦੩੪) (ਮਾਰੂ ਮਹਲਾ ੧)

ਕਰਮ ਬਿਧਾਤੇ ਦੀ ਕਰਮ ਫਲ ਗਿਆਤਿ ਦਾਤਿ ਦਾ ਸੁਭ ਲਛਣੀ ਟੇਵਾ ਇਸ ਅਗਲੇ ਗੁਰਵਾਕ ਅੰਦਰਿ ਭੇਵ ਅਭੇਵਤ ਹੈ।

**ਜਿਨਿ ਤੂੰ ਜਾਤਾ ਕਰਮ ਬਿਧਾਤਾ॥ ਪੂਰੈ ਭਾਗਿ ਗੁਰ ਸਬਦਿ ਪਛਾਤਾ॥ਜਪਿ ਤਪਿ ਸਚੁ ਸਦਾ ਸਚੁ ਸੋਈ ਹਉਮੈ ਮਾਰਿ ਮਿਲਾਇੰਦਾ॥੯॥ਮਨੁ ਕਠੋਰੁ ਦੂਜੈ ਭਾਇ ਲਾਗਾ॥ ਭਰਮੇ ਭੂਲੈ ਫਿਰੈ ਅਭਾਗਾ॥ਕਰਮੁ ਹੋਵੈ ਤਾ ਸਤਿਗੁਰੂ ਸੇਵੈ ਸਹਿਜੇ ਹੀ ਸੁਖ ਪਾਇਦਾ॥੧੦॥ਲਖ ਚਉਰਾਸੀਹ ਆਪਿ ਉਪਾਏ॥ ਮਾਨਸ ਜਨਮਿ ਗੁਰ ਭਗਤ ਦਿਮੜਾਏ ॥ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ॥੧੧॥.....॥ਸਭੁ ਕਿਛੁ ਆਪੇ ਆਪਿ ਕਰਾਏ॥ ਆਪੇ ਸਿਰਿ ਸਿਰਿ ਧੰਧੈ ਲਾਏ॥ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ॥੧੪॥ਸਚਾ ਸਾਹਿਬੁ ਗਹਿਰ ਗੰਭੀਰਾ॥ ਸਦਾ ਸਲਾਹੀ ਤਾ ਮਨੁ ਧੀਰਾ॥ਅਗਮ ਅਗੋਚਰ ਕੀਮਤਿ ਨਹੀ ਪਾਈ ਗੁਰਮੁਖਿ ਮਨਿ ਵਸਾਇਦਾ॥੧੫॥ ਆਪਿ ਨਿਰਾਲਮ ਹੋਰ ਧੰਧੈ ਲੋਈ॥ ਗੁਰਪ੍ਰਸਾਦੀ ਬੂਝੈ ਕੋਈ॥ਨਾਨਕ ਨਾਮ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ॥੧੬॥ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ॥ ਵਿਣੁ ਕਰਮਾ ਕਿਉਂ ਪਾਇਆ ਜਾਏ॥ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ॥੧੨॥ਸਿਮ੍ਰਿਤ ਸਾਸਤ ਅੰਤੁਨ ਜਾਣੈ॥ ਮੂਰਖ ਅੰਧਾ ਤਤ ਨ ਪਛਾਣੈ॥ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ॥੧੩॥੧੬॥੩॥੧੭॥**

(ਪੰਨਾ੧੦੬੧) (ਮਾਰੂ ਮਹਲਾ ੩)

ਵਾਹਿਗੁਰੂ ਕਰਤੇ ਪੁਰਖ ਨੂੰ ਜਿਨ੍ਹਾ ਨੇ ਕਰਮ ਬਿਧਾਤਾ (ਕਰਮ ਦਾ ਫਲ ਦੇਣ ਹਾਰਾ) ਕਰ ਕੇ ਜਾਣਿਆ। ਓਹਨਾ ਪੂਰਨ ਵਡਿਭਾਗੀਆਂ ਨੇ ਗੁਰ ਸਬਦ ਦੇ ਗਿਆਨ ਚਰਾਗੀ ਚਾਨਣੇ ਦੇ ਪਰਤਵ ਕਰਿ ਹੀ ਇਸ ਭੇਦ ਨੂੰ ਪਛਾਣਿਆ ਗੁਰਮਤਿ ਅਨੁਸਾਰ ਕਰਮਾਂ ਦਾ ਫਲ ਦੇਣ ਹਾਰਾ ਹੋਣ ਕਰ ਕੇ ਕਰਤਾ ਪੁਰਖ ਕਰਮ ਬਿਧਾਤਾ ਕਹਾਉਂਦਾ ਹੈ। ਅਤੇ ਸਚੇ ਸੱਚ ਕਰਮਾਂ ਦੀ ਗਤੀ ਨੂੰ ਨਿਬੇੜਦਾ ਹੈ। ਜੀਵ ਦੇ ਸਚੇ ਜਪ ਤਪ ਕੀਤੇ ਸੋਈ ਲੇਖੇ ਪੈਂਦੇ ਹਨ ਜੋ ਹਉਮੈ ਰਹਿਤ ਹੋ ਕੇ ਉਸ ਦੀ ਹੁਕਮ ਰਜ਼ਾ ਅੰਦਰਿ ਕੀਤੇ ਜਾਣ। ਇਸ ਬਿਧਿ ਹੁਕਮ ਰਜ਼ਾ ਦੀ ਅਨੁਸਾਰਤਾ ਹਉਮੈ ਦਾ ਅਭਾਵ ਕਰ ਦਿੰਦੀ ਹੈ। ਅਤੇ ਹਉਮੈ ਦੇ ਅਭਾਵ ਹੋਣ ਕਰਿ ਅਕਾਲ ਪੁਰਖ ਦਾ ਮੇਲ ਹੁੰਦਾ ਹੈ। ਹਉਮੈ ਅਭਾਵੀ ਆਤਮ ਬਿਰਤਿ ਬਿਵਸਥਾ ਅੰਦਰਿ ਕੀਤੇ ਕਰਮ ਨੂੰ ਫਲ ਲਗਦਾ ਹੈ। ਲਾਉਣਹਾਰਾ ਕਰਮ ਬਿਧਾਤਾ ਕਰਤਾਰ ਹੀ ਫਲ ਲਾਉਂਦਾ ਹੈ। ਕਰਤਾਰ ਦੀ ਹੁਕਮ ਰਜ਼ਾ ਤੋਂ ਘੁਥੇ ਹੋਏ ਨਿਰੀ ਹਉਮੈ ਅੰਦਰਿ ਕਰਮ ਕਰਨਹਾਰਿਆ ਦਾ ਮਨ ਅਤਿ ਕਠੋਰ ਕੁਰਖਤ ਹੋ ਜਾਂਦਾ ਹੈ। ਜਿਨ੍ਹਾਂ ਨੇ ਮਨ ਕਠੋਰ ਦੇ ਮਗਰ ਲਗ ਕੇ ਅਪਣੇ ਕਰਮਾਂ ਦੀ ਡੋਰ ਛੱਡੀ ਹੋਈ ਹੈ। ਓਹ ਮੁੜਿ ਮੁੜਿ ਦੂਜੇ ਭਾਇ ਦੇ ਕੰਮਾਂ ਕਾਜਾਂ ਕੁਕਾਜਾਂ ਕੁਕਰਮਾਂ ਵਿਚਿ ਹੀ ਪਰਵਿਰਤ ਰਹਿੰਦੇ ਹਨ। ਓਹ ਅਭਾਗੇ ਪੁਰਸ਼ ਸਦਾ ਭਰਮਾਂ ਵਿਚਿ ਹੀ ਭੁਲੇ ਹੋਏ ਫਿਰਦੇ ਰਹਿੰਦੇ ਹਨ। ਜਿਨ੍ਹਾਂ ਉਤੇ ਕਰਮ ਬਖਸ਼ਸ਼ ਹੁੰਦੀ ਹੈ ਓਹ ਸਚੇ ਸਤਿਗੁਰੂ ਦੇ ਸੱਚੇ ਸਿਖ ਸੇਵਕ ਬਣ ਕੇ ਸਤਿਗੁਰੂ ਦੇ ਸਚ ਦ੍ਰਿੜਾਏ ਸੁਕ੍ਰਿਤ ਕਰਮਾਂ ਦੇ ਕਰਨਹਾਰੇ ਹੋ ਜਾਂਦੇ ਹਨ। ਜਿਨਾਂ ਦੇ ਕਰਨ ਕਰਿ ਸਹਜ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਸਹਜ ਸੁਖ ਦੀ ਪ੍ਰਾਪਤੀ ਗੁਰਮਤਿ ਅਨੁਸਾਰੀ ਸੁਕ੍ਰਿਤ ਕਰਮੀ ਹੋਇਆਂ ਹੀ ਹੁੰਦੀ ਹੈ। ਗੁਰਮਤਿ ਸੁਕ੍ਰਿਤ ਕਰਮ ਕੀਤੇ ਬਿਨਾਂ ਚੁਰਾਸੀ ਦੇ ਗੇੜ ਵਿਚਿ ਹੀ ਭਰਮਣਾ ਪੈਂਦਾ ਹੈ। ਏਹ ਚੌਰਾਸੀ ਲਖ ਜੋਨ ਅਤੇ ਜੋਨਾਂ ਦੇ ਗੇੜੇ ਕਰਤੇ ਪੁਰਖ ਨੇ ਆਪ ਹੀ ਉਪਾਏ ਹਨ। ਉਸ ਹੁਕਮ ਅੰਦਰਿ ਹੀ ਏਹ ਜੂਨੀਆਂ ਭੁਗਤਣੀਆਂ ਪੈਂਦੀਆਂ ਹਨ। ਮਾਨਸ ਜਨਮ ਦੀ ਜੋਨੀ ਵਿਚਿ ਹੀ ਸਚੜਾ ਉਧਾਰ ਹੋਣ ਦਾ ਅਤੇ ਕਰਤਾਰ ਨੂੰ ਮਿਲਣ ਦਾ ਮੌਕਾ (ਅਵਸਰ) ਮਿਲਦਾ ਹੈ। ਜਿਸ ਨੂੰ ਮੇਲਣਾ ਮਨਜ਼ੂਰ ਹੁੰਦਾ ਹੈ ਉਸ ਨੂੰ ਗੁਰੂ-ਦੁਆਰੇ ਭਗਤੀ ਦ੍ਰਿੜ ਹੋਣ ਦਾ ਸੁਭਾਗ ਪ੍ਰਾਪਤਿ ਹੁੰਦਾ ਹੈ। ਭਗਤੀ ਬਿਨਾਂ ਬਿਸਟਾ ਵਿਚਿ ਵਾਸਾ ਹੁੰਦਾ ਹੈ। ਭਗਤੀ ਬਿਹੂਨਾ ਹੋਣ ਕਰਕੇ ਜੀਵ ਵਿਸ਼ਿਆਂ ਦਾ ਕੀੜਾ ਹੋ ਜਾਂਦਾ ਹੈ ਅਤੇ ਬਿਖੇ ਰਸਾਂ ਵਿਚਿ ਪੈ ਕੇ ਬਿਸ਼ਟਾ ਕਿਰਮ ਹੋ ਕੇ ਗੰਦਗੀ ਵਿਚਿ ਪਿਆ ਰਹਿੰਦਾ ਹੈ। ਅਤੇ ਅੰਤ ਨੂੰ ਮਰਨ ਪਿਛੋਂ ਫੇਰ ਭੀ ਉਸਦਾ ਵਿਸ਼ਟਾ ਵਿਚਿ ਹੀ ਵਾਸਾ ਰਹਿੰਦਾ ਹੈ। ਅਤੇ ਵਿਸ਼ਟੇ ਦੇ ਕੀੜੇ ਦੀ ਜੂਨ ਵਿਚਿ ਜਾ ਪੈਂਦਾ ਹੈ। ਖਬਰ ਨਹੀਂ ਕਿਤਨਾ ਕੁ ਚਿਰ ਕਿਤਨਾ ਕੁ ਕਾਲ ਗੰਦਗੀ ਵਿਚਿ ਹੀ ਵਿਹਾਉਂਦੀ ਹੈ। ਕਿਤਨੀ


www.AKJ.Org

ਭਿਆਨਕ ਮਲਨ ਮਲੀਨ ਬਿਸਟਾ ਕਿਰਮ ਜੋਨੀ ਦੇ ਗੇੜ ਭੁਗਤਣੇ ਪੈਂਦੇ ਹਨ। ਨਿਸਚੇ ਕਰਿ ਜਾਣੋ ਏਹ ਗੇੜ ਜ਼ਰੂਰ ਭੁਗਤਣੇ ਪੈਂਦੇ ਨੇ। ਮਤ ਖਿਆਲ ਕਰੋ ਕਿ ਏਹ ਰੋਚਕ ਭਿਆਨਕ ਉਪਦੇਸ਼ ਹੀ ਹਨ। ਨਹੀਂ, ਨਹੀਂ, ਹਰਗਿਜ਼ ਨਹੀਂ। ਸਤਿਗੁਰੂ ਦੀ ਸਤਿ ਸਤਿ ਬਾਣੀ ਦਾ ਅਖਰ ਅਖਰ ਸੱਚ ਹੈ। ਭਾਵ ਭੀ ਉਹੀ ਹੈ ਜੋ ਸਚਮੁਚ ਵਰਤ ਕੇ ਰਹੇਗਾ। ਟਲੇਗਾ ਨਹੀਂ। ਜੇ ਸ਼ੁਭ ਕਰਮ ਹੋਣ ਅਤੇ ਕਾਰਨ ਕਰਨ ਕਰੀਮ ਦੀ ਬਖਸ਼ਸ਼ ਹੋਵੇ ਤਾ ਸੱਚਾ ਸਤਿਗੁਰੂ ਮਿਲੇ ਅਤੇ ਸਚੀ ਭਗਤੀ ਪ੍ਰਾਪਤਿ ਹੋਵੇ ਅਤੇ ਭਗਤੀ ਦੁਆਰਾ ਸਚੇ ਦਾ ਮਹਲ ਪ੍ਰਾਪਤਿ ਹੋਵੇ। ਗੁਰ ਭਗਤੀ ਭਾਵ ਮਈ ਸ੍ਰੇਸ਼ਟ ਅਤੇ ਸਰਬੋਤਮ ਕਰਮਾ ਬਿਨਾ ਨਾ ਮਹਿਲੀ, ਨਾ ਮਹਿਲੀ ਦਾ ਮਹਲ ਘਰੁ ਦਰੁ ਪਾਇਆ ਜਾ ਸਕਦਾ ਹੈ। ਇਸ ਪਦ ਦੀ ਪ੍ਰਾਪਤੀ ਸਭ ਕਰਨ ਕਾਰਨ ਸਮਰਥ ਕਰਤੇ ਪੁਰਖ ਦੇ ਹਥਿ ਹੈ। *"ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ॥"* ਜਿਵੇਂ ਉਸ ਨੂੰ ਭਾਵੇ ਤਿਵੇਂ ਚਲਾਵੇ। ਸਿਮ੍ਰਿਤ ਸਾਸਤਰ ਅੰਨਮਤ ਪੁਸਤਕਾ ਨੂੰ ਪੜ੍ਹਨਹਾਰੇ ਤੱਤ ਵਸਤੂ ਨੂੰ ਪ੍ਰਾਪਤਿ ਨਹੀਂ ਹੋ ਸਕਦੇ ਨਾਹੀ ਸਿਮ੍ਰਤੀਆ ਸਾਸਤ੍ਰਾਂ ਨੂੰ ਤੱਤ ਵਸਤੂ ਦਾ ਪਤਾ ਹੈ। (ਕਰਤੇ ਪੁਰਖ ਦਾ ਕੀ ਪਤਾ ਹੋਣਾ ਸੀ) ਏਹਨਾਂ ਪੜ੍ਹਾਈਆਂ ਦੇ ਪੜ੍ਹਨਹਾਰੇ ਸਭਿ ਮੂਰਖ ਅੰਧੇ ਹਨ। ਮੂਰਖ ਅੰਧਿਆਂ ਨੂੰ ਤੱਤ ਪਦ ਦੀ ਕੀ ਪਛਾਣ ਹੋ ਸਕਦੀ ਹੈ। ਵਾਹਿਗੁਰੂ ਦੀ ਕਿਰਪਾ ਨਾਲਿ ਜਿਨ੍ਹਾ ਨੂੰ ਹੋਣੀ ਹੁੰਦੀ ਹੈ ਤਿਨ੍ਹਾਂ ਨੂੰ ਹੀ ਹੁੰਦੀ ਹੈ।

"ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ॥" (੧੦੬੧)

ਕਰਤਾ ਪੁਰਖ ਆਪੇ ਕਿਰਪਾ ਕਰੇ ਆਪੇ ਪ੍ਰੇਰਨਾ ਪ੍ਰੇਰਿ ਸੁਮਤਿ ਧਰੇ ਅਤੇ ਆਪੇ ਗੁਰਮਤਿ ਦਾਨ ਕਰ ਕੇ ਸੁਕ੍ਰਿਤ ਕਰਮ ਗੁਰਮੁਖਾ ਵਾਲੇ ਕਰਾਏ। ਗੁਰਮਤਿ ਤੋਂ ਬੇਮੁਖਾ ਨੂੰ ਭ੍ਰਮਿ ਭੁਲਾਇ ਕੈ ਆਪੇ ਦੁਕ੍ਰਿਤ ਦੁਰਮਤਿ ਕਰਮਾਂ ਵਿਚਿ ਪਾਏ। ਇਹ ਸਭ ਉਸ ਦੇ ਹੁਕਮ ਰਜਾਈ ਭਾਣੇ ਦੀ ਕਰਮ ਬਿਧਾਤਤਾ ਵਾਲੀ ਨੇਤ ਹੈ। ਉਪਰਲੇ ਗੁਰਪ੍ਰਮਾਣ ਦੀ ਚੌਧਵੀਂ ਸਤਰ ਦੇ ਅੰਕ ਵਿਚਿ ਏਹ ਫੁਰਮਾਨ ਹੈ ਕਿ :-

"ਸਭ ਕੁਛੁ ਆਪੇਂ ਆਪਿ ਕਰਾਏ॥
ਆਪੇ ਸਿਰਿ ਸਿਰਿ ਧੰਧੈ ਲਾਏ॥
ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇੰਦਾ॥"

ਗੁਰਮਤਿ ਦਾ ਸਪਸ਼ੱਟ ਅਭਿਪਰਾ ਇਹੀ ਹੈ ਕਰਮ ਫਲ ਕਿਰਤਨੀ ਕਰਮਾਂ ਦੇ ਸਿਲਸਿਲੇ ਵਿਚਿ ਇਹ ਬਾਤ ਪ੍ਰਮ ਸਹੀ ਅਤੇ ਸਤਿ ਹੈ ਕਿ ਸਭ ਕੁਛ ਉਹ ਕਰਤਾ ਪੁਰਖੁ ਆਪੇ ਆਪਿ ਹੀ ਕਰਾਉਂਦਾ ਹੈ ਅਤੇ ਇਉਂ ਕਰਮ ਕਰਾਇ ਕਰਾਇ ਤਿਨ੍ਹਾਂ ਦੇ ਫਲ ਭੁਗਤਾਉਂਦਾ ਹੈ, ਜੀਵਾਂ ਕੋਲੋਂ। ਕਰਮਾਂ ਦੀ ਗਤਿ ਅਨੁਸਾਰ ਹੀ ਸਭਨਾਂ ਦੇ ਸਿਰੋ ਸਿਰ ਨਾਨਾ ਪਰਕਾਰੀ ਧੰਧਿਆਂ ਦੇ ਕਰਾਉਣ ਦੀ ਕਿਰਤ ਲਿਖੀ ਹੋਈ ਹੈ। ਤਿਸ ਕਿਰਤ ਅਨੁਸਾਰ ਓਹ (ਜੀਵ ਧੰਦਿਆਂ ਵਾਲੇ) ਕਰਮ ਕਮਾਉਂਦੇ ਹਨ। ਆਪੇ ਹੀ ਕਿਰਤ ਧੰਧੰਮੀ ਕਰਮਾ ਅਨੁਸਾਰ ਜੀਵਾਂ ਦੀਆਂ ਜੂਨੀਆਂ ਨੂੰ ਥਾਪਦਾ ਹੈ ਉਲਟਾ ਉਲਟਾ ਕੇ ਥਾਪਦਾ ਹੈ। ਥਾਪ ਥਾਪ ਕੇ ਨਿਗਰਾਨੀ ਕਰਦਾ ਹੈ ਅਤੇ ਵੇਖਦਾ ਹੈ, ਮਤੇ ਉਸ ਦੀ ਕਰਮਗਤਿ ਦੇ ਪ੍ਰਤਿਕੂਲ ਤਾਂ ਕੋਈ ਜੀਵ ਉਲਟੀ ਜੋਨੀ ਵਿਚਿ ਨਹੀਂ ਪਾਇਆ (ਥਾਪਿਆ) ਗਿਆ। ਇਹ ਉਸ ਤੇ ਘਰ ਦਾ ਸਦ ਸਦੀਵੀ ਅਤੇ ਸਚ ਸਚੀਵੀ ਨਿਆਉਂ ਹੈ। ਇਹ ਚੌਰਾਸੀਹ ਲਖ ਜੂਨੀਆਂ ਅਤੇ ਜੂਨੀਆਂ ਦੇ ਭੁਗਤਾਉਣ ਦਾ ਸਾਰਾ ਸਿਲਸਿਲਾ ਹੀ ਨਿਆਉਂ ਇਨਸਾਫ ਦਾ ਸੂਚਕ ਹੈ। ਇਸ ਦੀ ਅਨਕੂਲਤਾ ਪੂਰਨ ਨਿਆਉਂ ਨਿਬੇੜੇ ਦੀ ਨਿਬੇੜਨਹਾਰੀ ਹੈ। ਇਹ ਆਵਾ ਗਵਨੀ ਅਤੇ ਕਰਮ ਅਕਰਮ ਸੁਕਰਮ ਭੁਗਤਵਨੀ ਅਸੂਲ ਹੀ ਨਿਰਾ ਨਿਆਉਂ ਇਨਸਾਫ ਉਤੇ ਮਬਨੀ ਹੈ। ਉਸ ਦੇ ਘਰਿ ਸਦਾ ਸਦਾ ਨਿਆਉਂ ਇਨਸਾਫ ਹੈ। ਏਸ ਕਰਕੇ ਉਹ ਪੂਰਨ ਨਿਆਕਾਰੀ, ਮੁਨਸਫਾਂ ਦੇ ਸਿਰ ਮੁਨਸਿਫ ਸਚਾ ਮੁਨਸਿਫ ਹੈ। ਸ੍ਰਿਸਟੀ (Cosmos)ਰਚਨਾ ਦੀ ਏਸੇ ਅਸਲ ਕਰ ਕੇ ਸੰਭਵ ਹੈ ਨਹੀਂ ਤਾਂ (Chaos)(ਝਗੜਾ) ਹੀ Chaos (ਅੰਧ ਗੁਬਾਰੀ) ਏਨਾਰਕੀ ਹੀ ਏਨਾਰਕੀ (ਅੰਧੇਰ ਨਗਰੀ) ਹੈ। ਅਸਲ ਪੁਛੋਂ ਤਾਂ ਇਸ ਅਸਲੋਂ ਸਖਣੇ ਸਭ ਮਤਾਂ ਵਾਲੇ ਏਨਾਰਕਿਸਟ ਹਨ। ਇਹ ਏਨਾਰਕਿਜ਼ਮ ਨਾਸਤਕਤਾ ਨਹੀਂ ਤਾ ਨਾਸਤਕਤਾ ਦੇ ਨੇੜੇ ਤੇੜੇ ਹੀ ਹੈ। ਜੋ ਆਵਾਗਵਨੀ ਅਸੂਲ ਦੇ ਕਾਇਲ ਨਹੀਂ ਜੋ ਕਰਮਾਂ ਅਨੁਸਾਰ ਜੂਨੀਆਂ ਵਿਚ ਜਨਮਣ (Transmigration of Souls) ਵਾਲੇ ਅਸੂਲ ਤਤ ਗੁਰਮਤਿ ਅਸੂਲ ਨੂੰ ਨਹੀਂ ਮੰਨਦੇ, ਓਹ ਏਨਾਰਕਿਸਟ ਹਨ ਅਤੇ ਪੱਕੇ ਏਨਾਰਕਿਸਟ ਹੋ ਜਾਂਦੇ ਹਨ। ਬਲਕਿ ਨਾਸਤਕ ਮਤਿ ਵਾਲਿਆਂ ਕਹਿਰ ਕੁਫਾਰੀ ਦਹਿਰੀਅਤ ਦੇ ਪੈਰੋਕਾਰ ਹੋ ਜਾਂਦੇ ਹਨ। ਮਨਮੁਖਾਂ ਨੂੰ ਕੁਮਾਰਗ ਪਾਉਂਦਾ ਅਤੇ ਗੁਰਮੁਖਾਂ ਨੂੰ ਸੁਮਾਰਗ ਬੁਝਾਉਂਦਾ ਹੈ। ਉਹ ਸਚਾ ਸਾਹਿਬ ਗਹਿਰ ਗੰਭੀਰ ਹੈ। ਉਸ ਸਚੇ ਸਾਹਿਬ ਦੇ ਚਲਾਏ ਗੁਰਮਤਿ ਅਸੂਲਾਂ ਵਿਚਿ ਗਹਿਰ ਗੰਭੀਰ ਹੀ ਭਰੀ ਪਈ ਹੈ। ਗਹਿਰ ਗੰਭੀਰਤਾ ਤੋਂ ਖਾਲੀ ਕੋਈ ਭੀ ਗੁਰਮਤਿ ਅਸੂਲ ਨਹੀਂ। ਇਸ ਗਹਿਰ ਗੰਭੀਰ ਵਾਹਿਗੁਰੂ ਦੀ ਸਦਾ ਸਿਫਤਿ ਸਾਲਾਹ ਕਰਨ ਨਾਲਿ ਹੀ ਮਨ ਧੀਰਦਾ ਹੈ। ਉਸ ਦੀ ਅਗਮ ਅਗੋਚਰਤਾ ਦੀ ਕੀਮਤਿ ਨਹੀਂ ਪਾਈ ਜਾਂਦੀ। ਓਹ ਗੁਰਮੁਖਾਂ ਦੇ ਮਨ ਵਿਚਿ ਆਪ ਵਸਿ ਜਾਂਦਾ ਹੈ। ਗੁਰਮਰਖ ਜਨ ਭੀ ਉਸ ਨੂੰ ਮਨ ਵਿਚਿ ਵਸਾ ਕੇ ਦੂਜੀ ਕਾਈ ਗਲ ਰਾਈ ਮਾਤਰ ਭੀ ਨਹੀਂ ਕਰਦੇ। ਓਹਨਾ


www.AKJ.Org

ਨੂੰ ਕੀ ਪਈ ਕਰਤੇ ਦੀ ਕੀਮਤਿ ਅਤੇ ਗਤਿ ਮਿਤਿ ਜਾਨਣ ਦੀ। ਜਿਨ੍ਹਾਂ ਦੇ ਮਨਿ ਵਿਚਿ ਕਰਤਾ ਪੁਰਖ ਆਪਿ ਵਸਿ ਗਿਆ ਹੈ, ਤਿਨ੍ਹਾਂ ਦੀਆਂ ਏਹੜ ਤੇਹੜਾਂ ਹੁੱਜਤਾਂ ਸਭ ਮੁੱਕ ਗਈਆਂ। ਓਹਨਾਂ ਨੂੰ ਵਿਦਯਕ ਅਕਲੀ ਸਿਆਣਪਾਂ ਦ੍ਰਿੜਾਉਣ ਨਾਲਿ ਕੋਈ ਵਾਸਤਾ ਹੀ ਨਹੀਂ ਰਿਹਾ। ਪਾਰਬ੍ਰਹਮ ਦਰਸੀਆਂ ਨੂੰ ਬ੍ਰਹਮਤਾ ਦੀ ਅਲਪੱਗ ਅਕਲੀ ਖੋਜ ਟੂਲਾਣ ਵਿਚਿ ਪੈਣ ਦੀ ਲੋੜ ਹੀ ਕਾਈ ਨਹੀਂ ਰਹੀ। ਵਾਹਿਗੁਰੂ ਆਪਿ ਨਿਰਾਲਮ ਹੈ। ਉਸ ਨੂੰ ਹਿਰਦੇ ਵਿਚ ਵਸਾਉਣ ਵਾਲੇ ਗੁਰਮੁਖ ਭੀ ਨਿਰਾਲਮ ਹੀ ਥੀ ਰਹਿੰਦੇ ਹਨ। ਨਿਰਾਲਮ ਸੋ ਜੋ ਅਪਣੇ ਆਪ ਵਿਚਿ ਦ੍ਰਿੜ ਹੋਵੇ। ਦੂਜੇ ਦੇ ਆਸਰੇ ਤੋਂ ਰਹਿਤ ਹੋਵੇ। ਅਸੰਗ ਹੋਵੇ। ਸੰਸਾਰ ਤੋਂ ਨਿਰਲੇਪ ਹੋਵੇ। ਗੁਰਮੁਖਾਂ ਤੋਂ ਬਿਨਾ ਹੋਰ ਸਭ ਲੁਕਾਈ ਸੰਸਾਰਕ ਧੰਦਿਆਂ ਵਿਚਿ ਰਚੀ ਮਿਚੀ ਹੈ। ਇਸ ਰਚ ਮਿਚਤ ਵਾਲੀ ਭਿਆਨਕਤਾ ਨੂੰ ਕੋਈ ਗੁਰਮੁਖ ਹੀ ਮਹਿਸੂਸ ਕਰਦਾ ਹੈ। ਨਹੀਂ ਤਾਂ ਸਭ ਲੁਕਾਈ ਰਚੀ ਮਿਚੀ ਹੋਈ ਏਸੇ ਵਹਿਣ ਵਿਚਿ ਰੁੜ੍ਹੀ ਚਲੀ ਜਾਂਦੀ ਹੈ ਅਤੇ ਮੁੜਿ ਮੁੜਿ ਗੇੜੇ ਖਾਂਦੀ ਹੈ ਜਨਮ ਜੋਨੀਆ ਦੇ। ਕੋਈ ਵਾਹਿਗੁਰੂ ਵਰੋਸਾਇਆ ਗੁਰਮੁਖ ਹੀ ਏਸ ਉਲਝਣ ਨੂੰ ਜਾਣਦਾ ਹੈ ਅਤੇ ਸੁਲਝਾਉਣਹਾਰਾ ਹੁੰਦਾ ਹੈ। ਬਸ, ਉਸੇ ਦੀ ਸੁਲਝਦੀ ਹੈ ਜਿਸ ਦੇ ਘਟ ਅੰਦਰ ਗੁਰੂ ਨਾਨਕ ਦਾ ਬਖਸ਼ਿਆ ਨਾਉਂ ਵਸਿ ਧਸ ਜਾਂਦਾ ਹੈ। ਇਉਂ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਿ ਕਰਿ ਅੰਤੀ ਅਉਸਰ ਉਹ ਨਾਮੀ ਵਾਹਿਗੁਰੂ ਕਰਤਾਰ ਸਮਰਥ ਦਾਤਾਰ ਨਾਲਿ ਮਿਲ ਜਾਂਦਾ ਹੈ।

ਸਤਿਗੁਰੂ ਦੀ ਪਰਾਪਤੀ ਕਰਮਾਂ ਨਾਲਿ ਹੁੰਦੀ ਹੈ। ਸਤਿਗੁਰੂ ਦੁਆਰਾ ਸਬਦ ਗੁਰਮੰਤ੍ਰ ਮਿਲਦਾ ਹੈ। ਸਬਦ ਦੀ ਕਮਾਈ ਕਰ ਕੇ ਹਉਮੈ ਮੈਲੁ ਦੂਰ ਹੁੰਦੀ ਹੈ। ਇਉਂ ਮਨ ਨਿਰਮਲ ਹੋ ਕੇ ਨਾਮ ਅਭਿਆਸ ਦੀ ਕਮਾਈ ਨੂੰ ਜਾਰੀ ਰਖਦਿਆਂ ਹੋਇਆਂ ਅੰਤਰਿ ਆਤਮੇ ਗਿਆਨ ਰਤਨ ਚਾਨਣ ਦਾ ਪਰਗਾਸ ਹੁੰਦਾ ਹੈ। ਚਾਨਣਾ ਹੀ ਚਾਨਣਾ ਹੋ ਜਾਂਦਾ ਹੈ। ਤਿਮਰ ਅਗਿਆਨ ਦਾ ਅੰਧੇਰਾ ਸਾਰਾ ਦੂਰ ਹੋ ਜਾਂਦਾ ਹੈ। ਕਰਮਾ ਬਿਨਾ ਹੋਰ ਘਨੇਰੀ ਲੋਕੀ ਟਕਰਾ ਮਾਰਦੀ ਫਿਰਦੀ ਹੈ। ਮੁੜਿ ਮੁੜਿ ਮਰਿ ਮਰਿ ਜੰਮਦੀ ਹੈ ਤੇ ਜੰਮਿ ਜੰਮਿ ਮਰਦੀ ਹੈ। ਆਵਾਗਵਣ ਦੀ ਫੇਰੀ ਚੁਕਦੀ ਹੀ ਨਹੀਂ। ਬਿਖ ਦਾ ਰਤਿਆ ਹੋਇਆ ਚੁਰਾਸੀ ਦਾ ਜੀਵ ਮੁੜਿ ਮੁੜਿ ਬਿਖ ਹੀ ਕਮਾਉਂਦਾ ਹੈ। ਬਿਖਵਤੇ ਕਰਮ ਹੀ ਕਰਦਾ ਹੈ। ਉਸ ਨੂੰ ਸੁਖ ਕਦੇ ਨਹੀਂ ਮਿਲਦਾ। ਕਰਮ ਬਿਧਾਤੇ ਵਲੋਂ ਕਰਮਾ ਅਨੁਸਾਰ ਹੀ ਸੁਖ ਦੁਖ ਮਿਲਦਾ ਹੈ। ਯਥਾ ਗੁਰਵਾਕ:-

ਕਰਮੁ ਹੋਵੈ ਤਾ ਸਤਿਗੁਰੁ ਪਾਏ॥
ਹਉਮੈ ਮੈਲਿ ਸਬਦਿ ਜਲਾਏ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ
ਅਗਿਆਨ ਅੰਧੇਰੁ ਗਵਾਇਆ॥.............॥
ਬਿਨੁ ਕਰਮਾ ਹੋਰ ਫਿਰੈ ਘਨੇਰੀ॥
ਮਰਿ ਮਰਿ ਜੰਮੈ ਚੁਕੈ ਨ ਫੇਰੀ॥
ਬਿਖ ਕਾ ਦਾਤਾ ਬਿਖੁ ਕਮਾਵੈ
ਸੁਖੁ ਨ ਕਬਹੂ ਪਾਇਆ॥੧੩॥੧੬॥੧॥੨੩॥
(ਮਾਰੂ ਮਹਲਾ ੩) (੧੦੬੧)

ਕਰਤੇ ਪੁਰਖ ਦੇ ਜਿਨਾਂ ਦੇ ਕਰਮਾ ਵਿਚਿ ਧੁਰੋਂ ਲਿਖਤ ਲਿਖ ਪਾਈ ਹੈ ਤਿਨਾ ਦੀ ਹੀ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ਹੈ। ਇਹ ਸੂਝ ਬੂਝ ਤਿਨਾਂ ਨੂੰ ਹੀ ਆਈ ਹੈ, ਜਿਨ੍ਹਾਂ ਦੀ ਗੁਰੂ ਨਾਲਿ ਬਣਿ ਆਈ ਹੈ ਅਤੇ ਜਿਨ੍ਹਾ ਨੇ ਗੁਰ ਚਰਣਾ ਨਾਲਿ ਹੀ ਲਿਵ ਲਾਈ ਹੈ। ਇਉਂ ਗੁਰੂ ਕਰਤਾਰ ਕਰਮ ਬਿਧਾਤਾ ਜਿਸ ਨੂੰ ਦਾਤਿ ਦੇਵੈ ਉਸੇ ਗੁਰਮੁਖ ਜਨ ਨੂੰ ਹੀ ਨਾਮ ਪਦਾਰਥ ਦੀ ਲਭਧ ਲਭਦੀ ਹੈ। ਕਰਮ ਬਿਧਾਤੇ ਦੀ ਕਿਰਪਾ ਨਾਲਿ ਹੀ ਇਹ ਨਾਮ ਪਦਾਰਥ ਮਿਲਦਾ ਹੈ। ਜਦ ਉਹ ਆਪਿ ਕਿਰਪਾ ਕਰਦਾ ਹੈ ਅਤੇ ਉਸ ਦੀ ਕਿਰਪਾ ਨਾਲਿ ਹੀ ਨਾਮ ਅਭਿਆਸ ਦੀ ਅਤੁਟ ਕਮਾਈ ਕਰਦਿਆਂ ਕਰਦਿਆਂ ਨਾਮ ਵਿਚਿ ਹੀ ਸਮਾਈ ਹੋ ਜਾਂਦੀ ਹੈ। ਨਾਮ ਜਪਣ ਵਾਲੇ ਦੀ ਨਾਮ ਕਰਮ ਕਰੀਆਲੇ ਗੁਰਮੁਖ ਜਨ ਦੀ ਨਾਮੀ ਵਾਹਿਗੁਰੂ ਨਾਲਿ ਮੇਲਿ ਮਿਲਾਈ ਹੋ ਜਾਦੀ ਹੈ। ਯਥਾ ਗੁਰਵਾਕ:-

ਜਿਨ ਕਉ ਕਰਤੈ ਧੁਰਿ ਲਿਖਿ ਪਾਈ॥ਅਨਦਿਨੁ ਗੁਰੁ ਗੁਰੁ ਕਰਤ ਵਿਹਾਈ॥ਬਿਨੁ ਸਤਿਗੁਰ ਕੋ ਸਾਝੈ ਨਾਹੀ ਚਰਣੀ ਚਿਤੁ ਲਾਈ ਹੇ॥ਜਿਸੁ ਭਾਵੈ ਤਿਸੁ ਆਪੇ ਦੇਇ॥ ਗੁਰਮੁਖਿ ਨਾਮੁ ਪਦਾਰਥੁ ਲੇਇ॥ ਆਪੇ ਕਿਰਪਾ ਕਰੇ ਨਾਮੁ ਦੇਵੈ ਨਾਨਕ ਨਾਮੁ ਸਮਾਈ ਹੇ॥੮॥੧੬॥ (ਮਾਰੂ ਸੋਲਹੇ ਮ: ੪)

ਪਸੂ ਬਿਰਤੀ ਵਾਲੇ ਮਨਮੁਖ ਪਸ਼ੂਆ ਵਾਲੇ ਹੀ ਕਰਮ ਕਰਦੇ ਹਨ, ਤਿਨਾਂ ਪਰਮਾਰਥ ਦੀ ਸੂਝ ਬੂਝ ਕੀ ਹੋਈ ? ਆਉਂਦੀ ਹੀ ਨਹੀਂ। ਪਸ਼ੂਆਂ ਵਾਲੇ ਕਰਮ ਸਭਿ ਕੂੜਾਵੇ ਕਰਮ ਹੀ ਹਨ। ਕੂੜੇ ਕਰਮਾ ਦਾ ਕੂੜਾਵਾ ਫਲ ਹੀ ਮਿਲਦਾ ਹੈ। ਤਿਨਾਂ ਕੂੜੇ ਕਰਮਾ ਦਾ ਕਰਾਲੂ ਭੀ ਕੂੜਾ ਹੀ ਕਹਾਉਂਦਾ ਹੈ। ਅਜੇਹੇ ਕੂੜੇ ਪੁਰਸ਼ ਨੂੰ ਜੇ ਕਰਤਾ ਦੀ ਨੇਤ ਅਨੁਸਾਰ ਸਚੇ ਸਤਿਗੁਰੂ ਦੀ ਸਰਣਿ ਪ੍ਰਾਪਤਿ ਹੋ ਜਾਵੇ ਅਤੇ ਉਹ ਗੁਰੂ ਘਰ ਦੇ ਪੰਨੇ ਪੈ ਜਾਵੇ ਤਾਂ ਉਸ ਦੀ ਪਸੂ ਬਿਰਤੀ ਉਲਟ ਕੇ ਕੁਬੁਧੀਓਂ ਸਬੁਧੀ ਵਿਚਿ ਪਲਟ ਜਾਂਦੀ ਹੈ। ਉਹ ਉਲਟਾ ਸਚੁ ਪਦਾਰਥੁ ਨਾਮ ਦਾ ਖੋਜੀ ਵਿਹਾਜੀ ਹੋ ਜਾਂਦਾ ਹੈ। ਵਾਹਿਗੁਰੂ ਨਾਮ ਉਸਦੇ ਹਿਰਦੇ ਅੰਦਰਿ ਵਸਿ ਆਉਂਦਾ ਹੈ। ਸਦਾ ਸਦਾ ਰਸਿ ਆਉਂਦਾ ਹੈ।


www.AKJ.Org

ਇਉਂ ਉਹ ਵਾਹਿਗੁਰੂ ਨਾਮ ਦਾ ਰਸੀਆ ਬਣਿ ਜਾਂਦਾ ਹੈ। ਨਾਮ ਦਾ ਰਸੀਆ ਹੋ ਕੇ ਰੀਸਾਲੂ ਗੁਣੀ ਨਿਧਾਨ ਨੂੰ ਪਾ ਲੈਂਦਾ ਹੈ। ਸਤਿਗੁਰੂ ਦੇ ਪਰਸਾਦਿ ਕਰਿ ਪੁਗ ਖਲੋਂਦਾ ਹੈ। ਇਹ ਪਦ ਪਾਇਕੈ ਉਸ ਦੇ ਪਸੂਪਣੇ ਅਭਿਮਾਨ ਦਾ ਬੀਜ ਨਾਸ ਹੁੰਦਾ ਹੈ। ਇਹ ਬਿਧਿ ਆਪੇ ਹੀ ਬਿਧਾਤਾ ਬਣਾਏ ਤਾ ਬਣਾਏ ਆਪੇ ਕਰਤਾ ਕਰੇ ਕਰਾਏ। ਆਪੇ ਹੀ ਉਹ ਭੁਲਿਆਂ ਨੂੰ ਮੁੜਿ ਮਾਰਗਿ ਪਾਉਣ ਹਾਰਾ ਹੈ। ਆਪੇ ਹੀ ਮਨਮੁਖੋਂ ਗੁਰਮੁਖ ਬਣਾ ਕੇ ਵਡਿਆਈ ਦੇਣਹਾਰਾ ਹੈ। ਇਉਂ ਕਰਮ ਬਿਧਾਤੇ ਦੀ ਰਜ਼ਾ ਨਾਲਿ ਨਾਮ ਨਾਮੀ ਦੇ ਸਚੇ ਜੋਤਿ ਸਰੂਪੀ ਸਰੂਪ ਵਿਚ ਸਮਾਈ ਹੋਣ ਦੀ ਬਿਧਿ ਬਣਦੀ ਹੈ। ਯਥਾ ਗੁਰਵਾਕ-

ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ॥੩॥
ਆਪੇ ਕਰਤਾ ਕਰੇ ਕਰਾਏ॥ ਆਪੇ ਮਾਰਗਿ ਪਾਏ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥ (੧੧੩੨) (ਭੈਰਉ ਮਹਲਾ ੩)

ਕਰਮ ਬਿਧਾਤੇ ਗੁਰੂ ਕਰਤਾਰ ਦੀ ਕਰਮ ਬਿਧਾਤਮੀ ਖੇਡ ਦਾ ਇਸ ਅਗਲੇ ਗੁਰਵਾਕ ਅੰਦਰਿ ਖੂਬ ਵਿਚਾਰ ਕੇ ਨਿਰਣਾ ਦ੍ਰਿੜਾਇਆ ਗਿਆ ਹੈ :-

" ਹਰਿ ਗਹਿਰ ਗੰਭੀਰੁ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ॥ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੈ ਬਉਰਾਨਿਆ॥੧॥ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ॥ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ॥੨॥ ਕਿਆ ਦ੍ਰਿੜਾ ਸੰਗ੍ਰਹਿ ਤਿਆਗੀ ਮੈ ਤਾ ਬੂਝ ਨ ਪਾਈ॥ਹੋਹਿ ਦਇਆਲ ਕ੍ਰਿਪਾ ਕਰਿ ਹਰਿ ਜੀਉ ਨਾਮੋ ਹੋਇ ਸਖਾਈ॥੩॥ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ ਨਾਇ ਲਾਏ॥ ਗੁਰੂਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ॥੪॥ਦੇਖਿ ਬਿਸਮਾਦੁ ਇਤੁ ਮਨੁ ਨਹੀ ਚੇਤੇ ਆਵਾਗਉਣੁ ਸੰਸਾਰਾ॥ਸਤਿਗੁਰੁ ਸੇਵੈ ਸੋਈ ਬੂਝੈ ਪਾਏ ਮੋਖ ਦੁਆਰਾ॥੫॥ਜਿਨ ਦਰੁ ਸੂਝੈ ਸੇ ਕਦੇ ਨ ਵਿਗਾੜਹਿ ਸਤਿਗੁਰੁ ਬੂਝ ਬੁਝਾਈ॥ਸਚੁ ਸੰਜਮ ਕਰਣੀ ਕਿਰਤਿ ਕਮਾਵਹਿ ਆਵਣ ਜਾਣੁ ਰਹਾਈ॥੬॥ਸੇ ਦਰਿ ਸਾਚੈ ਸਾਚੁ ਕਮਾਵਹਿ ਜਿਨ ਗੁਰਮੁਖਿ ਸਾਚੁ ਅਧਾਰਾ॥ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ॥੭॥ਆਪੇ ਗੁਰਮੁਖਿ ਆਪੇ ਦੇਵੈ ਆਪੇ ਕਰਿ ਕਰਿ ਵੇਖੈ॥ਨਾਨਕ ਸੇ ਜਨ ਥਾਇ ਪਏ ਹੈ ਜਿਨ ਕੀ ਪਤਿ ਪਾਵੈ ਲੇਖੈ॥੮॥੩॥

(ਸਾਰੰਗ ਮਹਲਾ ੩)(੧੨੩੪)

**ਵਿਆਖਿਆ :-** ਵਾਹਿਗੁਰੂ ਗਹਿਰ ਗੰਭੀਰ ਹੈ ਬਹੁਤ ਡੂੰਘਾ ਅਤਿ ਅਥਾਹ ਹੈ, ਅਗੰਮ ਹੈ, ਜਿਸਦੀ ਗੰਮਤਾ ਨਹੀਂ ਪਾਈ ਲਖੀ ਜਾਂਦੀ। ਜਿਸਦਾ ਥਾਹ ਨਹੀਂ ਲਿਆ ਜਾ ਸਕਦਾ। ਅਲਪਗ ਅਕਲ ਵਾਲੇ ਅਕਲਈਆਂ ਦੀ ਸਮਝ ਤੋਂ ਅਗੋਚਰਾ ਹੈ। ਉਸ ਨੂੰ ਅਕਲਾਂ ਨਾਲਿ ਕੋਈ ਨਹੀਂ ਪਛਾਣ ਸਕਦਾ। ਉਹ ਗੁਣਾਂ ਦਾ ਅਮੀਕ ਖਜ਼ਾਨਾ ਹੈ। ਪਰ ਉਸ ਦੇ ਗੁਣ ਭੀ ਅਗਮ ਅਗੋਚਰ ਹਨ। ਅਲਪਗ ਅਕਲਈਆਂ ਦੀ ਅਕਲ ਤੋਂ ਅਗੋਚਰੇ ਗੁਣ। ਉਸ ਦੇ ਗੁਣਾਂ ਦੀ ਗੰਮਤਾ ਬੜੇ ਬੜੇ ਦਾਨੇ ਬੀਨੇ ਸਦਾਉਣ ਵਾਲੇ ਫਿਲਾਸਫਰਾਂ ਪਾਸੋਂ ਨਹੀਂ ਹੋ ਸਕਦੀ। ਐਸਾ ਗੁਣੀ ਗਹੀਰ ਗਹਿਰ ਗੰਭੀਰ ਵਾਹਿਗੁਰੂ ਤਿਨਾ ਤੋਂ ਹੀ ਜਾਣਿਆ ਪਾਇਆ ਜਾਂਦਾ ਹੈ, ਜਿਨਾ ਉਪਰ ਵਾਹਿਗੁਰੂ ਦੀ ਕਿਰਪਾ ਹੋਵੇ ਅਤੇ ਜਿਨ੍ਹਾ ਨੂੰ ਵਾਹਿਗੁਰੂ ਦੀ ਕਿਰਪਾ ਨਾਲਿ ਸਚੇ ਸਤਿਗੁਰੂ ਜੀ ਦਾ ਮੇਲਾ ਹੁੰਦਾ ਹੈ। ਅਤੇ ਗੁਰੂਦੁਆਰਿਓਂ ਗੁਰਸ਼ਬਦ ਦੀ ਪ੍ਰਾਪਤੀ ਹੁੰਦੀ ਹੈ, ਤਿਸ ਸ਼ਬਦ ਗੁਰਮੰਤਰ ਦੀ ਅਥਾਹ ਕਮਾਈ ਕਰ ਕੇ ਗਹਿਰ ਗੰਭੀਰ ਗੁਣੀ ਗਹੀਰ ਵਾਹਿਗੁਰੂ ਨੂੰ ਪਛਾਣਿਆ ਜਾ ਸਕਦਾ ਹੈ, ਐਵੇਂ ਹੋਰ ਕਿਸੇ ਮਨਮੁਖਿ ਗੁਰਮੰਤਰਿ ਹੀਣੇ ਨਿਗੁਰੇ ਮੀਣੇ ਤੋਂ ਨਹੀਂ ਪਛਾਣਿਆ ਜਾ ਸਕਦਾ ਚਾਹੇ ਉਹ ਬਥੇਰੇ ਬਹੁ ਬਿਧੀਆਂ ਦੇ ਨਾਨਾ ਪ੍ਰਕਾਰੀ ਕਰਮ ਕਰਨ। ਇਹ ਕਰਮ ਕੀਤੇ ਮਨਮੁਖੀਆਂ ਅਨਮਤੀਆਂ ਨਿਗੁਰਿਆਂ ਦੇ ਥਾਇ ਨਹੀਂ ਪੈਂਦੇ। ਕਿਉਂਕਿ ਏਹ ਸਭਿ ਦੂਜੇ ਭਾਇ ਦੇ ਕਰਮ ਹੁੰਦੇ ਹਨ ਅਤੇ ਦੂਜੇ ਭਾਇ ਦੇ ਕਰੰਗਾਂ ਕੁਸੰਗਾਂ ਵਿਚਿ ਹੀ ਕੀਤੇ ਜਾਂਦੇ ਹਨ। ਗੁਰਸ਼ਬਦ ਬਿਨਾਂ ਉਹ ਮਤਿ ਹੀਣ ਹਨ। ਗੁਰਮਤਿ ਮਤਿ ਤੋਂ ਸੁੰਞੇ ਹਨ। ਗੁਰਮਤਿ ਮਤਿ ਤੋਂ ਸੁੰਞੇ ਅਤੇ ਸਖਣੇ ਤਤ ਸਮਝ ਸੂਝ ਵਾਲੇ ਸਿਆਣੇ ਨਹੀਂ ਹੋ ਸਕਦੇ। ਸਗੋਂ ਤਤ ਅਕਲ ਤੋਂ ਸੁੰਞੇ, ਕਮਲੇ, ਬਉਰੇ ਹੋਏ ਭਰਮਦੇ ਭਟਕਦੇ ਰਹਿੰਦੇ ਹਨ। ਸਾਰਾ ਜਗਤ ਸੰਸਾਰੁ ਹੀ ਨਾਮ ਤੋਂ ਬਿਨਾਂ ਬੌਰਾਨਿਆ ਹੋਇਆ ਹੈ। ਕੁਮੱਤ ਮਤੀ ਓਪਰੀਆਂ ਸਿਆਣਪਾਂ ਅਤੇ ਮਨ ਘੜਤ ਥੀਊਰੀਆਂ ਦੀ ਖੇਹ ਉਡਾਉਂਦਾ ਫਿਰਦਾ ਹੈ। ਅਤੇ ਏਹੋ ਖੇਹ ਉਡਾ ਕੇ ਖੌਰੂ ਪਾ ਪਾ ਕੇ ਲਿਬੜਿਆ ਰਹਿੰਦਾ ਹੈ। ਜਿਸ ਲਬੇੜ ਵਾਲੀ ਮੈਲ ਕਦੇ ਲਹਿੰਦੀ ਹੀ ਨਹੀਂ। ਨਾਮ ਦਾ ਅੰਮ੍ਰਿਤ ਇਸ਼ਨਾਨ ਕਰਨ ਵਾਲਾ ਹੀ ਨਿਰਮਲ ਹੋ ਸਕਦਾ ਹੈ। ਉਸ ਨੂੰ ਕੋਈ ਮੈਲ ਨਹੀਂ ਪੋਹੰਦੀ ਕੋਈ ਲਬੇੜ ਉਸ ਦੇ ਨੇੜੇ ਨਹੀਂ ਆਉਂਦੀ। ਅਗਲੀ ਜਨਮ ਜਨਮ ਦੀ ਮੈਲ ਉਤਰ ਜਾਂਦੀ ਹੈ, ਫੇਰ ਚੜ੍ਹਦੀ ਨਹੀਂ। ਦੂਜੇ ਭਾਵ ਦੀ ਮਾਇਆ ਮਲ ਉਸ ਦੀ ਸਭ ਧੋਤੀ ਜਾਂਦੀ ਹੈ। ਨਾਮ ਉਦਕ ਇਸ਼ਨਾਨੀ ਜਨ ਕਦੇ ਮੈਲਾ ਨਹੀਂ ਹੁੰਦਾ। ਸਦਾ ਨਿਰਮਲ ਰਹਿੰਦਾ ਹੈ। ਦੂਜੇ ਭਾਇ ਦੀ ਮੈਲ

ਨਾਲਿ ਸਾਰਾ ਜਗੁ ਮੈਲਾ ਹੋਇਆ ਪਿਆ ਹੈ। ਨਾਮ ਬਿਨਾਂ ਨਾ ਦੂਜੇ ਭਾਇ ਦੀ ਮੈਲ ਜਾਂਦੀ ਹੈ, ਨਾ ਜਗ ਨਿਰਮਲ ਹੋ ਸਕਦਾ ਹੈ। ਮਾਇਆ ਦੇ ਇਸ ਦੂਜੇ ਭਾਵ ਨੇ ਸਾਰੇ ਸੰਸਾਰ ਦੀ ਮਤਿ ਮਾਰ ਦਿਤੀ ਹੈ ਅਤੇ ਮਤਿ ਖੋ ਦਿਤੀ ਖੁਆਰ ਕਰਿ ਦਿਤੀ ਹੈ। ਮਾਇਆ ਵਿਚਿ ਮਤਿਆਂ ਦੂਜੇ ਭਾਇ ਦੇ ਮਲਨੱਤਿਆਂ ਨੂੰ ਆਪੋਂ ਕਦੇ ਸੁਝ ਬੂਝ ਨਹੀਂ ਆਉਂਦੀ, ਆ ਹੀ ਨਹੀਂ ਸਕਦੀ, ਕਿ ਕਿਹੜੀ ਅਜੇਹੀ ਵਸਤੂ ਦ੍ਰਿੜ੍ਹ ਕਰਨੀ ਚਾਹੀਦੀ ਹੈ ਜਿਸ ਤੋਂ ਯੋਗ ਅਯੋਗ ਕੰਮਾਂ ਦੇ ਗ੍ਰਹਿਣ ਤਿਆਗੁ ਦੀ ਸਚੀ ਸੂਝ ਬੂਝ ਆ ਜਾਵੇ। ਹਉਮੈ ਦੀ ਮਤਿ ਨਾਲਿ ਅਲਪਗ ਹਉਮੈ ਫਸੇ ਮਨਮੁਖਾਂ ਨੂੰ ਇਹ ਸੂਝਿ ਬੂਝਿ ਨਹੀਂ ਆ ਸਕਦੀ, ਓਹਨਾਂ ਹਉਮੈ ਮਤਸਰੀਆਂ ਤੋਂ ਇਹ ਬੂਝ ਪਾਈ ਹੀ ਨਹੀਂ ਜਾ ਸਕਦੀ, ਇਹ ਤਦੇ ਪਰਾਪਤ ਹੋ ਸਕਦੀ ਹੈ ਜੇ ਵਾਹਿਗੁਰੂ ਕਿਰਪਾਲ ਦਇਆਲ ਆਪਣੀ ਕਿਰਪਾ ਦਇਆ ਕਰੇ ਅਤੇ ਨਾਮ ਦੀ ਦਾਤਿ ਦੇ ਵੇ, ਸਚਾ ਸਹਾਈ ਸਦਾ ਸਖਾਈ ਹੋਵੇ। ਵਾਹਿਗੁਰੂ ਸਚਾ ਸਚਿ ਦਾਤਿ ਦਾ ਦਾਤਾ ਕਰਮ ਬਿਧਾਤਾ ਜਿਸ ਨੂੰ ਭਾਵੇ ਤਿਸ ਨੂੰ ਆਪ ਹੀ ਨਾਮ ਦੀਆਂ ਕਮਾਈਆਂ (ਅਭਿਆਸ ਕਮਾਈਆਂ) ਕਰਨ ਲਾ ਲਵੇ:-

ਸਚਾ ਸਚੁ ਦਾਤਾ ਕਰਮ ਬਿਧਾਤਾ
ਜਿਸ ਭਾਵੈ ਤਿਸ ਨਾਇ ਲਾਏ॥

ਸੋਈ ਜਨ ਸਚੀ ਬੁਝਣੀ ਬੁਝਦਾ ਹੈ ਜਿਸ ਨੂੰ ਗੁਰੂ ਦੁਆਰਿਓ ਦਾਤਿ ਦਿਵਾਇ ਕੇ ਆਪਿ ਬੁਝਾਇੰਦਾ ਹੈ। ਇਸ ਬਿਸਮਾਦ ਪਦ ਨੂੰ ਦੇਖ ਕੇ ਕੋਈ ਗੁਰਮੁਖ ਜਨ ਹੀ ਪਤੀਆਉਂਦਾ ਹੈ। ਇਸ ਬਿਸਮਾਦ ਖੇਡ ਨੂੰ, ਬਿਸਮਾਦਿ ਕੁਦਰਤਿ, ਬਿਸਮਾਦ ਰਚਨਾ ਨੂੰ ਦੇਖ ਕੇ ਕੋਈ ਵਡਿਭਾਗਾ ਜਨ ਹੀ ਈਮਾਨ ਲਿਆਉਂਦਾ ਹੈ। ਅਤੇ ਕਾਦਰੇ ਕੁਦਰਤ ਉਤੇ ਰੀਝ ਰੀਝਾਉਂਦਾ ਹੈ। ਪਰ ਆਵਾਗਵਨ ਦੇ ਚਕਰ ਵਿਚਿ ਪਏ ਮਨਮੁਖ ਸੰਸਾਰੀਆਂ ਦੇ ਮਨ ਕਠੋਰ ਇਸ ਬਿਸਮਾਦ ਖੇਡ ਨੂੰ ਦੇਖ ਕੇ ਨਹੀਂ ਪਸੀਜਦੇ ਨਹੀਂ ਪੰਘਰਦੇ ਅਤੇ ਬਿਸਮਾਦ ਰਚਨਾ ਦੇ ਰਚਨਹਾਰ ਕੁਦਰਤਿ ਦੇ ਅੰਦਰਿ ਵਸ ਰਹੇ ਕੁਦਰਤਿ ਦੇ ਮਾਲਕ ਕਾਦਰ ਨੂੰ ਨਹੀਂ ਚੇਤਦੇ। ਸਤਿਗੁਰੂ ਨੂੰ ਸੇਵਨਹਾਰਾ ਸਤਿਗੁਰੂ ਸੇਵਾ ਦੁਆਰਾ ਨਾਮ ਪ੍ਰਾਪਤਿ ਕਰ ਕੇ ਵਾਹਿਗੁਰੂ ਨੂੰ ਸਿਮਰਨਹਾਰਾ ਸੇਵਕ ਸਿਖ, ਕੋਈ ਵਡਿਭਾਗਾ ਸਿਖ ਸੇਵਕ ਹੀ ਇਸ ਸਚੀ ਬੁਝਣੀ ਨੂੰ ਬੁਝ ਸਕਦਾ ਹੈ ਅਤੇ ਬੁਝ ਕੇ ਮੋਖ ਦੁਆਰਾ ਪਾ ਸਕਦਾ ਹੈ। ਗੁਰਮਤਿ ਨਾਮ ਰੂਪੀ ਸਚ ਦੀ ਸਚੀ ਕਰਣੀ ਕਿਰਤ ਕਮਾਈ ਕੀਤਿਆਂ ਆਵਣ ਜਾਣਾ ਮਿਟ ਜਾਂਦਾ ਹੈ। ਆਵਾਗਉਣ ਚਉਰਾਸੀ ਦੇ ਸਿਲਸਿਲੇ ਵਾਲਾ ਗੇੜ ਹਟ ਜਾਂਦਾ ਹੈ। ਜਿਨਾਂ ਗੁਰਮੁਖਾਂ ਨੂੰ ਸਖ ਨਾਮ ਦਾ ਅਧਾਰੁ ਹੈ, ਸੇ ਜਨ ਸਚੇ ਵਾਹਿਗੁਰੂ ਦੇ ਦਰ ਜਾ ਕੇ ਹੀ ਇਹੀ ਸਚੀਆਂ ਕਮਾਈਆਂ ਕਰਦੇ ਹਨ, ਸਚੀ ਦਰਗਹਿ ਜਾ ਕੇ ਭੀ ਦਰਗਹਿ ਪੁਜ ਕੇ ਪੁਗੇ ਹੋਏ ਗੁਰਮੁਖਾਂ ਦੀ ਨਾਮ ਅਭਿਆਸ ਕਮਾਈ ਹੁੰਦੀ ਹੀ ਰਹਿੰਦੀ ਹੈ। ਨਾਮ ਅਭਿਆਸ ਦੇ ਸਚੜੇ ਕਰਮ ਦੀ ਕਮਾਈ ਉਥੇ ਜਾ ਕੇ ਭੀ ਨਹੀਂ ਮੁਕਦੀ ਰੁਕਦੀ। ਦੂਜੇ ਭਾਇ ਵਿਚਿ ਭਰਮ ਭਲਾਨੇ ਮਨਮੁਖਾਂ ਨੂੰ ਇਸ ਪਦ ਵੀਚਾਰਨ ਦੀ ਸੋਝੀ ਬੁਧਿ ਬੁਝੇਗੀ ਹੀ ਨਹੀਂ। ਸਚ ਦਾਤਾਰ ਕਰਤਾਰ ਆਪ ਹੀ ਮੁਖੀ ਗੁਰੂ ਹੈ। ਗੁਰਾਂ ਸਿਰ ਮੁਖੀ ਸਿਰਮੌਰ ਗੁਰੂ ਵਾਹਿਗੁਰੂ ਆਪ ਹੈ, ਆਪੇ ਹੀ ਗੁਰਮੁਖਤਾ ਦੀ ਦਾਤਿ ਦਿੰਦਾ ਹੈ, ਦਾਤਿ ਪਾਤਰਾਂ ਨੂੰ। ਆਪਿ ਹੀ ਦਾਤਾ ਦੇ ਦੇ ਕੇ ਆਪੇ ਹੀ ਕਰਮ ਅਨੁਸਾਰ ਗੁਰਮੁਖ ਮਨਮੁਖ ਕਰ ਕਰ ਕੇ ਵੇਖਦਾ ਹੈ, ਕਿਸੇ ਨੂੰ ਮਨਮੁਖ ਕਰ ਦਿੰਦਾ ਹੈ ਕਿਸੇ ਨੂੰ ਗੁਰਮੁਖ ਬਣਾ ਦਿੰਦਾ ਹੈ। ਜਿਸ ਦੀ ਪਤਿ ਲੇਖੇ ਪੈਂਦੀ ਹੈ ਸੋਈ ਜਨ ਥਾਇ ਪੈਂਦੇ ਹਨ। ਓਹੀ ਦਰਗਤਿ ਮਕਬੂਲ ਹੁੰਦੇ ਹਨ। ਤਿਨਾਂ ਗੁਰਮੁਖਾਂ ਨੂੰ ਮੁਕਤਿ ਗਤਿ ਪ੍ਰਾਪਤਿ ਹੁੰਦੀ ਹੈ। ਜਿਨਾ ਨੂੰ ਗੁਰੂ ਦੇ ਦਰੋਂ ਘਰੋਂ ਨਾਮ ਖਜ਼ਾਨਾ ਮਿਲਦਾ ਹੈ। ਜਿਸ ਨਾਮ ਨਿਧਾਨ ਖਜਾਨੇ ਨੂੰ ਭੋਗ ਭੁੰਚ ਕੇ ਉਹ ਤ੍ਰਿਪਤਿ ਅਘਾਈ ਰਹਿੰਦੇ ਹਨ। ਪੂਰੇ ਗੁਰੂ ਦੀ ਵਡਿਆਈ ਦੇ ਪਰਤਾਪ ਨਾਲਿ ਤਿਨਾਂ ਦੇ ਘਟਿ ਅੰਤਰਿ ਏਕ ਨਾਮੁ ਹੀ ਵਸਿਆ ਹੋਇਆ ਹੁੰਦਾ ਹੈ ਅਤੇ ਵਸਿਆ ਰਹਿੰਦਾ ਹੈ। ਵਾਹਿਗੁਰੂ ਦਾਤਾ ਕਰਮ ਬਿਧਾਤਾ ਆਪੇ ਹੀ ਕਰਤਾ ਹੈ ਆਪੇ ਹੀ ਭੁਗਤਾ ਹੈ ਜੋ ਸਬਾਈ ਖਲਕਤ ਖੁਦਾਈ ਨੂੰ ਰਿਜ਼ਕ ਦਿੰਦਾ ਹੈ। ਕਰਣਹਾਰ ਕਰਤਾਰ ਨੇ ਜੋ ਕੁਛ ਕਰਨਾ ਹੈ ਸੋ ਉਹੀ ਕਰਿ ਰਹਿਆ ਉਸ ਤੇ ਉਲਟ ਅਵਰ ਕੁਛ ਭੀ ਕਿਸੇ ਤੋਂ ਕੀਤਾ ਨਹੀਂ ਜਾਂਦਾ ਸਿਰਜਨਹਾਰ ਕਰਤਾ ਪੁਰਖ ਆਪੇ ਹੀ ਸ੍ਰਿਸ਼ਟੀ ਨੂੰ ਸਾਜਦਾ ਅਤੇ ਸਾਜ ਉਪਾਇ ਕੇ ਸ੍ਰਿਸ਼ਟੀ ਦੇ ਚਰਾ ਚਰ ਜੀਵਾਂ ਨੂੰ ਆਪੋ ਆਪਣੇ ਠਿਕਾਣੇ ਸਿਰ ਅੱਡੋ ਅੱਡੀ ਧੰਧਿਆਂ ਵਿਚਿ ਲਾ ਦਿੰਦਾ ਹੈ। ਐਸੇ ਸਰਬ ਕਲਾ ਸਮਰਥ ਸਿਰਜਨਹਾਰ ਕਰਤਾਰ ਨੂੰ ਸੇਵਹੁ ਸਿਮਰੋ ਅਤੇ ਸਿਮਰ ਕੇ ਤਾਂ ਸਚੇ ਸੁਚ ਨੂੰ ਪਾਵਹੁ। ਇਹ ਸਦਾ ਸੁਖ ਆਤਮ ਪ੍ਰਮਾਤਮ ਸੁਖ ਹੈ। ਪ੍ਰਮਾਤਮਾ ਦਾ ਮੇਲ ਹੀ ਸਭ ਤੋਂ ਵਡਾ ਸੁਖ ਪਰਮ ਆਨੰਦ ਹੈ। ਇਸ ਪ੍ਰਮਾਤਮੀ ਮਿਲਾਪ ਦੇ ਪ੍ਰਮ ਅਨੰਦੀ ਸੁਖ ਨੂੰ ਸਤਿਗੁਰੂ ਦੀ ਬਸੀਠਤਾ ਦੁਆਰਾ ਹੀ ਪਾਈਦਾ ਹੈ। ਆਪਣੇ ਆਪ ਦੇ ਉਪਾਵਨਹਾਰਾ ਕਰਤਾ ਪੁਰਖ ਅਕਾਲ ਆਪ ਹੀ ਹੈ। ਅਕਾਲ ਪੁਰਖ ਆਪਣੀ ਸੈਭੰ ਕਲਾ ਤੋਂ ਆਪਣੇ ਆਪ ਹੀ ਉਤਪੰਨ ਹੋਇਆ ਹੈ। ਉਸ ਦੀ ਉਤਪਤੀ ਸੁਤੇ ਪਰਕਾਸ਼ ਹੈ। ਸਭ ਦਾ ਉਪਾਵਨਹਾਰਾ ਸ੍ਰਿਸ਼ਟਾਵਨਹਾਰਾ ਹੋ ਕੇ ਉਹ ਆਪ ਅਲੱਖ ਹੀ ਰਹਿੰਦਾ ਹੈ। ਉਸ ਨੂੰ ਉਸਦਾ ਸਿਰਜਿਆ ਉਪਰਜਿਆ ਜੀਵ ਕੋਈ ਲਖ ਨਹੀਂ ਸਕਦਾ; ਆਪਣੇ ਸੁਤੇ ਭਾਣੇ ਵਾਲੇ ਇਨਸਾਫ

ਮੂਜਬ ਉਹ ਆਪੇ ਹੀ ਮਾਰਦਾ ਹੈ ਅਤੇ ਆਪੇ ਹੀ ਆਪਣੀ ਸ੍ਵੈਸਮਰਥਾ ਦੁਆਰਾ ਮਾਰ ਕੇ ਜੀਵਾਲੰਦਾ ਹੈ। ਇਹ ਮਾਰ ਜੀਵਾਲਨ ਦੀ ਖੇਡ ਓਹ ਆਪਣੇ ਨਿਆਉਂ [illegible]ਡੀ ਚੋਜ ਵਿਡਾਣੇ ਭਾਣੇ ਅੰਦਰਿ ਕਰਦਾ ਹੈ। ਕਿਸੇ ਨੂੰ ਮਾਰਿ ਜੀਵਾਲਣ ਵਿਚਿ ਉਸਦਾ ਆਪਣਾ ਸੁਆਉ ਸੁਆਰਥ ਤਿਲ ਮਾਤਰ ਭੀ ਨਹੀਂ। ਇਕਨਾਂ ਨੂੰ ਉਹ ਦਾਤੇ ਬਣਾ ਦਿੰਦਾ ਹੈ। ਇਕਨਾਂ ਨੂੰ ਊਹ ਮੰਗਤੇ ਭਿਖਾਰੀ ਕਰ ਦਿੰਦਾ ਹੈ। ਅਪਣੇ ਮਨਜ਼ੂਰ ਨਜ਼ਰ ਵਿਰਲਿਆਂ ਨੂੰ ਓਹ ਭਗਤ ਬਣਾ ਦਿੰਦਾ ਹੈ। ਭਗਤੀ ਦਾਨ ਦੇ ਕੇ, ਉਨ੍ਹਾਂ ਤੋਂ ਆਪੇ ਹੀ ਉਹ ਆਪਣੀ ਬਖਸ਼ਸ਼ ਦੁਆਰਾ ਭਗਤੀ ਕਰਾ ਦਿੰਦਾ ਹੈ। ਸੇ ਵਡਿਭਾਗੇ ਜਨ ਹਨ ਜਿਨਾ ਨੇ ਕਰਨ ਕਾਰਨ ਸਮਰਥ ਇਕੋ ਵਾਹਿਗੁਰੂ ਨੂੰ ਜਾਣਿਆ ਗਿਆਨਣਿਆ ਹੈ। ਐਸੇ ਗੁਣ-ਗਿਆਨ ਵੰਤੇ ਸਦਾ ਇਕੋ ਸਮਰਥ ਸਿਰਜਨਹਾਰ ਦੇ ਸਚੇ ਸਰੂਪ ਵਿਚ ਸਮਾਏ ਰਹਿੰਦੇ ਹਨ। ਜੈਸਾ ਓਹ ਸੁੰਦਰ ਸਰੂਪ ਸੋਹਣੇ ਰੂਪ ਵਾਲਾ ਅਤੇ ਸੁਘੜ ਸਿਆਣਾ ਹੈ, ਤੈਸਾ ਬਸ ਉਹੀ ਇਕੋ ਆਪਿ ਹੈ ਉਸ ਜੇਵਡ ਹੋਰ ਕੋਈ ਸੋਹਣੇ ਸਰੂਪ ਵਾਲਾ ਅਤੇ ਸਿਆਣਪੁਣੇ ਦੀ ਸੁਘੜਤਾ ਵਾਲਾ ਨਹੀਂ। ਉਸਦੀ ਸੁੰਦਰਤਾ ਦੀ ਉਸਦੀ ਸੁਘੜਤਾ ਕੀ ਕੀਮਤਿ ਕਹੀ ਹੀ ਨਹੀਂ ਜਾਂਦੀ। ਆਪੇ ਆਪਣੇ ਕੀਤੇ ਜੰਤਾਂ ਦੇ ਅੰਦਰਿ ਦੁਖ ਸੁਖ ਪਾਉਂਦਾ ਹੈ। ਆਪੇ ਹੀ ਉਹਨਾਂ ਨੂੰ ਭਰਮਿ ਭੁਲਾਉਂਦਾ ਹੈ। ਇਹ ਸਭ ਕਿਛ ਓਹਨਾਂ ਦੇ ਕਰਮਾਂ ਅਨੁਸਾਰ ਹੀ ਕਰਦਾ ਕਰਾਉਂਦਾ ਹੈ। ਵਡਾ ਦਾਤਾ ਕਰਮ ਬਿਧਾਤਾ ਕਿਰਤ ਕਮਾਈਆਂ ਦਾ ਫਲ ਪਰਦਾਤਾ ਕਰ ਕੇ ਉਹਨਾਂ ਨੂੰ ਸਿਰਫ ਉਸਦੇ ਬਖਸ਼ੇ ਹੋਏ ਗੁਰਮੁਖ ਜਨਾਂ ਨੇ ਹੀ ਜਾਤਾ ਹੈ। ਹੋਰ ਨਿਗੁਰੀ ਸਭ ਲੁਕਾਈ ਇਸ ਭੇਦ-ਗਿਆਤ ਤੋਂ ਅੰਧੀ (ਅੰਧੇਰੇ ਵਿਚ) ਹੀ ਫਿਰਦੀ ਹੈ। ਜਿਨਾ ਨੇ ਉਚ ਬਵਸਥਾ ਦੇ ਬਿਸਮਾਦ ਦਾ ਰਸ ਚਖਿਆ ਹੈ ਤਿਨਾਂ ਨੂੰ ਹੀ ਸਚਾ ਸੁਆਦੁ ਆਇਆ ਹੈ। ਸਤਿਗੁਰ ਨੇ ਇਸ ਤਤ ਸਮਦਰਸਤਾ ਦੀ ਤਿਨਾਂ ਨੂੰ ਬੂਝਿ ਬੁਝਾਈ ਹੈ। ਇਕਨਾਂ ਨੂੰ ਨਾਮ ਤੋਂ ਭੁਲਾਇ ਰਖਿਆ ਹੈ ਅਤੇ ਓਹਨਾਂ ਨੂੰ ਮਨਮੁਖ ਬਣਾਇ ਰਖਿਆ ਹੈ। ਇਕਨਾਂ ਨੂੰ ਆਪਿ ਗੁਰਮੁਖਿ ਬਣਾਇ ਦਿਤਾ ਹੈ ਅਤੇ ਗੁਰਮੁਖ ਬਣਾਇ ਕੇ ਆਪਣਾ ਆਪ ਬੁਝਾਇ ਦਿਤਾ ਹੈ। ਆਪਣੇ ਸਰੂਪ ਦੀ ਆਪਿ ਲਖਤਾ ਕਰਾਇ ਦਿਤੀ ਹੈ। ਮਨਮੁਖਾਂ ਨੂੰ ਆਪੇ ਭੁਲਾਵਣ ਹਾਰਾ ਅਤੇ ਗੁਰਮੁਖਾਂ ਨੂੰ ਆਪੇ ਬੁਝਾਵਨ ਹਾਰਾ ਜਾਣ ਕੇ ਗੁਰਮੁਖ ਜਨ ਇਸ ਭੇਦ ਵਿਚਿ ਉਸ ਦੇ ਸਚੇ ਨਿਆਉਂ ਇਨਸਾਫ ਦੀ ਝਲਕ ਦੇਖਦੇ ਹਨ ਅਤੇ ਤਿਸ ਵਿਚ ਉਸ ਦੀ ਵਡੀ ਵਡਿਆਈ ਜਾਣਦੇ ਹਨ ਅਤੇ ਵਡਿਆਈ ਵਡੀ ਵਾਲਾ ਜਾਣਕੇ ਉਸ ਨੂੰ ਸਲਾਹੁੰਦੇ ਹਨ। ਸਾਲਾਹ ਸਾਲਾਹ ਕੇ ਉਸ ਦੇ ਅਨਿੰਨ ਭਗਤ ਜਨ ਸਦਾਉਂਦੇ ਹਨ। ਅਤੇ ਉਸ ਨੂੰ ਸਰਬ ਕਲਾ ਸਮਰਥ ਸਚੜੇ ਨਿਆਉਂ ਇਨਸਾਫੂ ਨਿਬੇੜਨ ਵਾਲਾ ਸਚਾ ਪਾਤਸ਼ਾਹ ਰਾਜਿਆਂ ਸਿਰਿ ਰਾਜਾ ਸਮਝਦੇ ਹਨ। ਸਚੁ ਮੁਚ ਤਿਸ ਜੇਵਡ ਹੋਰ ਕੋਈ ਰਾਜਾ ਲਿਖਤ ਕਰਮ-ਗਤਾਤਰੀ ਕਰਮ ਭੁਗਤਾਉਣ ਵਾਲਾ ਆਵਾਗਵਨੀ ਸਿਲਸਿਲੇ ਦਾ ਸਚੜਾ ਨਿਆਉਂ ਨਿਬੇੜਿਆ ਹੈ। ਐਸਾ ਨਿਆਉਂ ਹੋਰ ਕੋਈ ਨਿਬੇੜ ਨਹੀਂ ਸਕਦਾ। ਚਾਹੇ ਦੁਨੀਆਂ ਦਾ ਕਿਤਨਾ ਹੀ ਵਡਾ ਸਿਆਸਤਦਾਨ ਇਨਸਾਫ ਪਸਿੰਦ ਨੇਤਾ ਵਡਿ ਵਡੇਰਾ ਹੋਵੇ। ਇਉਂ ਉਸ ਸਚੀ ਇਲਾਹੀ ਅਦਾਲਤ ਵਿਚੋਂ ਸਚੇ ਅਦਲ ਦੀ ਟਕਸਾਲ ਟਕਸਾਲੀ ਗਈ ਹੈ। ਸਚੇ ਤਪਾਵਸ (ਅਦਲ ਇਨਸਾਫ) ਦੀ ਬਣਤਰ ਉਸ ਸਚ ਤਪਾਵਸੀ ਸਚੜੇ ਪਾਤਸ਼ਾਹ ਨੇ ਆਪਿ ਬਣਾਈ ਹੈ। ਜਿਸ ਦੇ ਤੁਲ ਹੋਰ ਤਪਾਵਸੀ ਬਣਤਰ ਕੋਈ ਪੁਜ ਨਹੀਂ ਸਕਦੀ। ਤਾਹੀਓ ਤਾਂ "ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ" ਤਿਸ ਸਦਾ ਸਚੜੇ ਨਿਆਉਂ ਦਾ ਰਜਾਈ ਅਨੁਸਾਰੀ ਬਣਾ ਕੇ ਵਿਰਲੇ ਕਿਸੇ ਗੁਰਮੁਖ ਜਨ ਤੋਂ ਹੀ ਹੁਕਮ ਰਜ਼ਾਈ ਚਲਣ ਵਾਲਾ ਹੁਕਮੁ ਮਨਵਾਉਂਦਾ ਹੈ।

ਹੇ ਪ੍ਰਾਣੀਓ । ਤਿਸ ਸਭ ਤੋਂ ਮੁਖੀ ਗੁਰੂ (ਗੁਰ-ਮੁਖਿ) ਵਾਹਿਗੁਰੂ ਨੂੰ ਸਦਾ ਸਦਾ ਹੀ ਧਿਆਵਹੁ ਜਿਸ ਨੇ ਐਸੀ ਨਿਆਉਂ ਇਨਸਾਫ ਦੀ (ਤਪਾਵਸੀ) ਬਣਤ ਬਣਾਈ ਹੈ। ਸਤਿਗੁਰੂ ਨੂੰ ਭੇਟਣਹਾਰਾ ਇਕੋ ਸਚੇ ਸਤਿਗੁਰੂ ਨੂੰ ਗੁਰੂ ਕਰਿ ਮੰਨ ਕੇ ਭੇਟਣਹਾਰਾ ਗੁਰਮੁਖ ਜਨ ਹੀ ਕਰਮਾਂ ਦੇ ਖੇਲ ਵਾਲੀ ਬਾਜੀ ਜਿਤ ਕੇ ਸਚੀ ਫਤਿਹ ਦਾ ਬਿਜਈ ਸਿਹਰਾ ਹਾਸਲ ਕਰਦਾ ਹੈ। ਫਤਿਹ ਮੰਦ ਹੋ ਕੇ ਭੀ ਵਾਹਿਗੁਰੂ ਦਾ ਨਾਮ ਹਿਰਦੇ ਵਿਚ ਵਸਾਈ ਰਖਦਾ ਹੈ। ਇਹੀ ਕਰਮਨ ਸਿਰਿ ਸਚੜਾ ਕਰਮ ਹੈ। ਸਰਬ ਕਲਾ ਸਮਰਥ ਵਾਹਿਗੁਰੂ ਕਰਤਾ ਪੁਰਖ ਸਚਾ ਸਾਹਿਬ ਆਪ ਆਪਣੇ ਅਸਲੇ ਤੋਂ ਹੀ ਸਚਾ ਹੈ, ਸਦਾ ਸਚਾ ਹੈ, ਭੂਤ, ਭਵਿਖ ਭਵਾਨ ਤਿਨਾਂ ਕਾਲਾਂ ਵਿਚਿ ਹੀ ਸਚਾ ਹੈ। ਗੁਰੂ ਦੀ ਬਾਣੀ ਬਾਣੀਆਂ ਸਿਰਿ ਸਚੀ ਬਾਣੀ ਏਹੋ ਕੁਛ (ਸਚੇ ਦੀ ਸਚ ਵਡਿਆਈ ਵਾਲੀ ਮਹਿਮਾ) ਸ਼ਬਦ ਉਪਦੇਸ਼ ਕਰਿ ਕਰਿ ਸੁਣਾਉਂਦੀ ਹੈ। ਜਿਸ ਮਹਿਮਾਂ ਨੂੰ ਸੁਣ ਸੁਣ ਕੇ ਅਤੇ ਇਸ ਵਡਿਆਈ ਨੂੰ ਵੇਖ ਵੇਖ ਕੇ ਰਬ ਦੀ ਵਡੱਤਤਾ ਦੇ ਸਰੂਪ ਨੂੰ ਪਰਤੱਖ ਲਖ ਲਖ ਕੇ ਗੁਰੂ ਨਾਨਕ ਸਾਹਿਬ ਬਿਸਮਾਦ ਹੋ ਰਹੇ ਹਨ। ਅਤੇ ਸਚੇ ਸਾਹਿਬ ਪ੍ਰਭੂ ਪ੍ਰਮਾਤਮਾ ਨੂੰ ਸਰਬੇ ਠਾਈ ਰਵਿਆ ਵੇਖ ਵੇਖ ਕੇ ਵਿਗਸ ਰਹੇ ਹਨ। ਇਹ ਉਪਰਲੀ ਵਿਆਖਿਆ ਐਨ ਇਸ ਹੇਠਲੇ ਗੁਰਪ੍ਰਮਾਣ ਦਾ ਅਨੁਵਾਦ ਹੈ :-

"ਨਾਮ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ॥੧॥ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ॥ ਏਕੁ ਨਾਮੁ ਵਸਿਆ ਘਟ


www.AKJ.Org

ਅੰਤਰਿ ਪੂਰੇ ਕੀ ਵਡਿਆਈ॥੧॥ਰਹਾਉ॥ ਆਪੇ ਕਰਤਾ ਆਪੇ ਭੁਗਤਾ ਦੇਂਦਾ ਰਿਜਕੁ ਸਬਾਈ॥੨॥ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ॥੩॥ ਆਪੇ ਸਾਜੇ ਸ੍ਰਿਸਟਿ ਉਪਾਏ ਸਿਰਿ ਸਿਰਿ ਧੰਧੈ ਲਾਈ॥੪॥ ਤਿਸਹਿ ਸੇਵਹੁ ਤਾ ਸੁਖੁ ਪਾਵਹੁ ਸਤਿਗੁਰਿ ਮੇਲਿ ਮਿਲਾਈ॥੫॥ਆਪਣਾ ਆਪੁ ਆਪਿ ਉਪਾਏ ਅਲਖ ਨ ਲਖਣਾ ਜਾਈ॥੬॥ਆਪੇ ਮਾਰਿ ਜੀਵਾਲੇ ਆਪੇ ਤਿਸਨੋ ਤਿਲ ਨ ਤਮਾਈ॥੭॥ ਇਕਿ ਦਾਤੇ ਇਕਿ ਮੰਗਤੇ ਕੀਤੇ ਆਪੇ ਭਗਤਿ ਕਰਾਈ॥੮॥ਸੇ ਵਡਭਾਗੀ ਜਿਨੀ ਏਕੋ ਜਾਤਾ ਸਚੇ ਰਹੇ ਸਮਾਈ॥੯॥ ਆਪਿ ਸਰੂਪੁ ਸਿਆਣਾ ਆਪੇ ਕੀਮਤਿ ਕਹਣੁ ਨ ਜਾਈ॥੧੦॥ਆਪੇ ਦੁਖੁ ਸੁਖੁ ਪਾਏ ਅੰਤਰਿ ਆਪੇ ਭਰਮਿ ਭੁਲਾਈ॥੧੧॥ਵਡਾ ਦਾਤਾ ਗੁਰਮੁਖਿ ਜਾਤਾ ਨਿਗੁਰੀ ਅੰਧ ਫਿਰੈ ਲੋਕਾਈ॥੧੨॥ ਜਿਨੀ ਚਾਖਿਆ ਤਿਨਾ ਸਾਦੁ ਆਇਆ ਸਤਿਗੁਰਿ ਬੂਝ ਬੁਝਾਈ॥੧੩॥ਇਕਨਾ ਨਾਵਹੁ ਆਪਿ ਭੁਲਾਏ ਇਕਨਾ ਗੁਰਮੁਖਿ ਦੇਇ ਬੁਝਾਈ॥੧੪॥ਸਦਾ ਸਦਾ ਸਾਲਾਹਿਹੁ ਸੰਤਹੁ ਤਿਸਦੀ ਵਡੀ ਵਡਿਆਈ॥੧੫॥ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ॥੧੬॥ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੈ ਹੁਕਮੁ ਮਨਾਈ॥੧੭॥ਤਿਸਨੋ ਪ੍ਰਾਣੀ ਸਦਾ ਧਿਆਵਹੁ ਜਿਨਿ ਗੁਰਮੁਖਿ ਬਣਤ ਬਣਾਈ॥੧੮॥ ਸਤਿਗੁਰ ਭੇਟੈ ਸੋ ਜਨੁ ਸੀਝੈ ਜਿਸੁ ਹਿਰਦੈ ਨਾਮੁ ਵਸਾਈ॥੧੯॥ਸਚਾ ਆਪਿ ਸਦਾ ਹੈ ਸਾਚਾ ਬਾਣੀ ਸਬਦਿ ਸੁਣਾਈ॥੨੦॥ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ ਮੇਰਾ ਪ੍ਰਭੁ ਰਵਿਆ ਸਭ ਥਾਈ॥੨੧॥੫॥੧੪॥

(ਰਾਮਕਲੀ ਮ: ੩)(੯੧੧-੧੨)

(ਚਲਦਾ)

## ਧੰਨਿ ਧੰਨਿ ਕਹੈ ਸਭ ਕੋਇ। ਮੁਖ ਊਜਲਿ ਹਰਿ ਦਰਗਹ ਸੋਇ॥

ਨਾਨਕ ਤੇ ਮੁਖ ਊਜੱਲੇ- ਸ੍ਰੀ ਜਪੁਜੀ ਸਾਹਿਬ ਜੀ ਦੇ ਸਲੋਕ ਦੀ ਇਸ ਪੰਕਤੀ ਦਾ ਇਸ਼ਾਰਾ ਉਨ੍ਹਾਂ ਪੰਚ ਪਰਵਾਨ ਪਇਆਂ ਵੱਲ ਹੈ ਜੋ ਅਤੁੱਟ ਨਾਮ ਅਭਿਆਸ ਕਮਾਈ ਕਰਕੇ "ਮੁੱਖ ਉਜਲ" ਤੱਕ ਪਹੁੰਚ ਜਾਂਦੇ ਹਨ। ਇਸ ਮਨੁੱਖੀ ਜਾਮੇ ਵਿੱਚ ਤੇ ਉਪਰਾਂਤ ਧਰਮ ਰਾਏ ਦੀ ਕਸੌਟੀ ਤੇ ਪੂਰੇ ਉਤਰਦੇ ਹੋਏ ... ਨਦਰੀ ਕਰਮਿ ਪਵੈ ਨੀਸਾਣੁ ਦੇ ਟਿੱਕੇ ਲੱਗੇ ਹੋਏ ਸੁਹਾਵਦੇ ਹਨ। ਕਿਉਂਕਿ ਉਨ੍ਹਾ ਦੇ ਹਿਰਦੇ ਪ੍ਰਭੂ ਪ੍ਰੀਤ ਦੀ ਸਿੱਕ ਘਰ ਕਰ ਗਈ ਹੁੰਦੀ ਹੈ।

**ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ ਊਜਲ ਟੀਕ** (ਪੰਨਾ ੧੩੩੬)

ਸ੍ਰੀ ਸੁਖਮਨੀ ਸਾਹਿਬ ਵਿਚ "ਪ੍ਰਗਟੇ ਗੋਪਾਲ ਮਹਾਂਤ ਕੇ ਮਾਥੇ ਨਾਨਕ ਉਧਰੇ ਤਿਨਕੇ ਸਾਥੇ" ਦਾ ਵੀ ਵਰਤਾਰਾ ਇਸੇ ਨਦਰ ਮਿਹਰ ਦੇ ਨੀਸ਼ਾਨ ਵਲ ਦਰਿਸ਼ਟੀ ਖਿੱਚਦਾ ਹੈ। ਭਗਤ-ਸੰਤ ਦੂਰੋਂ ਹੀ, ਦਿੱਬ ਦਰਿਸ਼ ਟੀ ਵਾਲਿਆਂ ਨੂੰ, ਭਲੀ ਪਰਕਾਰ ਸਿਰ ਛੱਤਰ ਝੂਲਦੇ ਨਜ਼ਰ ਆਉਂਦੇ ਹਨ।

**ਪਾਤਸਾਹੀ ਭਗਤ ਜਨਾ ਕਉ ਦਿਤਿਅਨੁ ਸਿਰਿ ਛਤੁ ਸਚਾ ਹਰਿ ਬਣਾਇ॥** (ਪੰਨਾ ੫੯੦)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਕਾਵਿ ਰਚਨਾ ਜੋਤਿ ਵਿਗਾਸ ਵਿੱਚ ਉਨ੍ਹਾ ਮੁੱਖ ਉਜੱਲ ਜਗਿਆਸੂਆਂ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ।

ਅੰਮ੍ਰਿਤ ਰਸ ਰਸੇ, ਜੋਤਿ ਲਗ ਲਗ ਐਸਾ ਮੁਖੜਾ ਭਗਤ ਰਸੋਲਿਆਂ ਦਾ
ਮੁੱਖੋਂ ਨੂਰ ਚੋਏ, ਕਿਰਨ ਜੋਤਿ ਹੋਏ ਚੱਕਰ ਖੂਬ ਸੋਹੇ ਕਿਰਨ ਸ਼ੋਅਲਿਆਂ ਦਾ
ਸ਼ੋਅਲੇ ਜੋਤਿ ਕਿਰਨੀ ਘੁੰਮਣ ਮੁੱਖ ਦੁਆਲੇ, ਹਲਕਾ ਬੰਨ੍ਹ ਕੇ ਗੋਲ ਚੰਦੋਲਿਆਂ ਦਾ
ਚੰਦ ਮੁੱਖ ਨੂੰ ਚੰਦ ਪਰਵਾਰ ਚੜ੍ਹਿਆ, ਜਲਵਾ ਨਵਲ ਨਵ ਚੰਤ ਚਮਕੋਲਿਆਂ ਦਾ

ਤੇ ਇਸ ਵਿਚੋਂ ਇੱਕ ਹੋਰ ਸੱਤ ਦਾ ਪਤਾ ਲਗਦਾ ਹੈ ਕਿ ਸਤਿਗੁਰਾਂ ਨੇ ਜੋ ਕੇਤੇ ਪਵਨ ਪਾਣੀ ਬੈਸੰਤਰ ਦਸੇ ਹਨ ਇਹ ਅਲੌਕਿਕ ਚੱਕਰ ਦਰਿਸ਼ ਉਨ੍ਹਾ ਪਵਨ ਪਾਣੀਆ ਦਾ ਹੀ ਇਕ ਕਰਮ ਹੈ। ਅਕਾਲ ਪੁਰਖ ਦੇ ਹੁਕਮ ਵਿਚ ਅਨੇਕ ਪਰਕਾਰੀ ਹਵਾਂਵਾਂ ਤੇ ਅਗਨੀਆਂ ਕੰਮ ਕਰ ਰਹੀਆਂ ਹਨ ਤੇ ਦਰਿਸ਼ਟੀ ਵਾਲਿਆਂ ਦੇ ਸਨਮੁਖ ਵਿਚਰਦੀਆ ਹਨ। ਤਾਂ ਹੀ ਤਾਂ ਭਾਈ ਸਾਹਿਬ ਜੀ ਨੇ ਉਨਾਂ ਭਗਤਾਂ ਦੇ ਮੁੱਖ ਦੁਆਲੇ ਅਲੌਕਿਕ ਜੋਤਿ ਕਿਰਨੀ ਚੱਕਰ, ਸ਼ੋਅਲੇ ਅਖੀ ਦੇਖ ਕੇ ਬਿਆਨੇ ਹਨ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਸੰਤ ਜਨਾ ਲਈ ਹੀ ਇਹ ਕਹਿਆ ਹੈ

ਹਰਿ ਕੇ ਸੰਤ ਸਦਾ ਪਰਵਾਨ ਸੰਤ ਜਨਾਂ ਮਸਤਕ ਨੀਸ਼ਾਨ॥ ਰਾਮਕਲੀ ਮ: ੫ (੮੯੭)

ਤਾਂ ਤੇ ਉਨ੍ਹਾ ਦੇ ਇਸ ਹੁਕਮ ਨੂੰ ਹੀ ਨਿਭਾਣਾ ਚਾਹੀਦਾ ਹੇ ਜੋ ਸੁਖਮਨੀ ਵਿਚ ਆਇਆ ਹੈ

ਕਰ ਹਰਿ ਕਰਮ ਸ੍ਰਵਨਿ ਹਰਿ ਕਥਾ॥ਹਰਿ ਦਰਗਹ ਨਾਨਕ ਊਜਲ ਮਥਾ। (ਸੁਖਮਨੀ)

ਫਿਰ :-ਤਿਥੈ ਮਿਲਹਿ ਵਡਿਆਈਆਂ ਸਦ ਖੁਸ਼ੀਆਂ ਸਦ ਚਾਉ
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥

(ਹਰਜੀਤ ਸਿੰਘ ਮੋਹਾਲੀ)



www.AKJ.Org

# ਮਾਨਸ ਜਨਮੁ ਨਿਰਮੋਲੁ

ਚਿਰੰਕਾਲ ਮਾਨਸ ਜਨਮੁ ਨਿਰਮੋਲੁ ਪਾਏ, ਸਫਲੁ ਜਨਮੁ ਗੁਰ ਚਰਨ ਸਰਨ ਕੈ॥
ਲੋਚਨ ਅਮੋਲ ਗੁਰ ਦਰਸੁ ਅਮੋਲ ਦੇਖੇ, ਸ੍ਰਵਣ ਅਮੋਲ ਗੁਰ ਬਚਨ ਧਰਨ ਕੈ॥
ਨਾਸਕਾ ਅਮੋਲ ਚਰਣਾਰਬਿੰਦ ਬਾਸਨਾ ਕੈ, ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ॥
ਹਸਤ ਅਮੋਲ ਗੁਰਦੇਵ ਸੇਵ ਸਫਲ ਕੈ, ਚਰਨ ਅਮੋਲ ਪਰਦੱਛਨਾ ਕਰਨ ਕੈ॥੯॥੧੭॥

(ਕਬਿੱਤ ਸਵਈਏ ਭਾਈ ਗੁਰਦਾਸ ਜੀ)

ਬੜੇ ਚਿਰਾਂ ਪਿਛੋਂ ਕੀਮਤੀ ਮਨੁਖਾ ਜਨਮ ਮਿਲਦਾ ਹੈ, (ਪਰ) ਇਹ ਜਨਮ ਸਤਿਗੁਰੂ ਦੇ ਚਰਨਾਂ ਦੀ ਸ਼ਰਨ ਲਿਆਂ ਹੀ ਸਫਲ ਹੁੰਦਾ ਹੈ।

ਸਤਿਗੁਰੂ ਦਾ ਅਮੋਲਕ ਦਰਸ਼ਨ ਦੇਖਿਆਂ ਨੇਤਰ ਅਮੋਲਕ ਹੁੰਦੇ ਹਨ ਤੇ ਸਤਿਗੁਰੂ ਦੇ ਬਚਨਾਂ ਨੂੰ ਗਹੁ ਨਾਲ ਸੁਣਿਆਂ ਕੰਨ ਅਮੋਲਕ ਹੁੰਦੇ ਹਨ।

ਸਤਿਗੁਰੂ ਦੇ ਚਰਨ-ਕਮਲਾਂ ਦੀ ਸੁਗੰਧੀ ਲਿਆਂ ਨਾਸਕਾ ਅਮੋਲਕ ਹੁੰਦੀ ਹੈ ਤੇ ਗੁਰੂ ਦਾ ਮੰਤਰ ਸਿਮਰਿਆ ਜੀਭ ਅਮੋਲਕ ਹੋ ਜਾਂਦੀ ਹੈ।

ਸਤਿਗੁਰੂ ਦੀ ਫਲ-ਦਾਤੀ ਸੇਵਾ ਕੀਤਿਆ ਹੱਥ ਅਮੋਲਕ ਹੁੰਦੇ ਹਨ ਤੇ ਗੁਰੂ ਦੀ ਪਰਦੱਖਣਾ ਕਰਨ ਨਾਲ ਚਰਨ ਅਮੋਲਕ ਹੋ ਜਾਂਦੇ ਹਨ।


# ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-177 21 ਸਾਲਾ, ਕੱਦ 5' 1", B.A. ਪਾਸ ਸਿਲਾਈ ਕਟਾਈ, ਸ਼ਾਰਟਹੈਂਡ ਕੋਰਸ ਪਾਸ, ਵਿਆਹ ਵਾਲੇ ਦਿਨ ਹੀ ਗੁਰਮਤਿ ਦੇ ਪਹਿਰੇ ਕਾਰਨ ਵੱਖ ਹੋਈ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-178 19 ਸਾਲਾ ਕੱਦ 5' 3" ਮੈਟ੍ਰਿਕ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-179 ਸਾਢੇ 27 ਸਾਲਾ, ਕੱਦ 5' 8" ਦਿੱਲੀ ਵਿਖੇ ਇੰਜਨੀਅਰ ਮਾਸਿਕ ਆਮਦਨ 7000/- ਵਾਲੇ ਗੁਰਮੁਖ ਲੜਕੇ ਲਈ ਯੋਗ ਬੀਬੀ ਦੀ ਲੋੜ ਹੈ।

LD-180 26 ਸਾਲਾ ਕੱਦ 5' 6", 10+2 ਪਾਸ ਖੇਤੀ ਬਾੜੀ ਅਤੇ ਆਪਣਾ ਕੰਮ ਕਰਦੇ 2000/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-181 27 ਸਾਲਾ, ਕੱਦ 5' 7", ਸੱਤ ਪਾਸ ਖਰਾਦ ਦਾ ਕੰਮ ਕਰਦੇ ਲੜਕੇ ਲਈ ਯੋਗ ਬੀਬੀ ਦੀ ਲੋੜ ਹੈ।

LD-182 ਸਾਢੇ 27 ਸਾਲਾ ਕੱਦ 5' 10" B.A. ਪਾਸ, ਅਸਿਸਟੈਂਟ ਕਮਾਂਡੈਂਟ ਬੀ. ਐਸ. ਐਫ. ਫਸਟ ਕਲਾਸ ਗਜ਼ਟਿਡ ਅਫਸਰ ਦੀ ਨੌਕਰੀ ਕਰ ਰਹੇ ਸਿੰਘ ਲਈ ਬੀਬੀ ਦੀ ਲੋੜ ਹੈ।

LD-183 29 ਸਾਲਾ ਕੱਦ 4' 6", M.A. Bed. ਸਿਲਾਈ ਕਟਾਈ ਅਤੇ ਬੁਨਾਈ ਵਿਚ ਮਾਹਿਰ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-184 26 ਸਾਲਾ ਕੱਦ 5' 4", ਤਿੰਨ ਸਾਲਾ ਇਲੈਕਟ੍ਰੋਨਿਕਸ ਕੋਰਸ ਪਾਸ, ਬੀ. ਏ. ਕਰ ਰਹੀ ਤੇ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-185 ਸਾਢੇ 27 ਸਾਲਾ, ਕੱਦ 5' 5", B.Sc> B.ed. ਰਹਿਤ ਬਹਿਤ ਵਿਚ ਪਰਪੱਕ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-186 ਸਾਢੇ 25 ਸਾਲਾ ਕੱਦ 5', B.Sc.(non-med) ed. D. Pharmacy ਤੇ M.A. ਪੰਜਾਬੀ ਕਰ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।


## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

ਗੁਪਤ- ੧੦੦/-
ਗੁਪਤ- ੧੦੧/- ਸ: ਮਨਮੀਤ ਸਿੰਘ (ਫ੍ਰੀ ਲਿਟ੍ਰੇਚਰ ਫੰਡ)- ੨੫੦/-

www.AKJ.Org

ਗੁ: ਛਪੜੀ ਸਾਹਿਬ ਪਿੰਡ ਬੱਲ (ਜਲੰਧਰ) ਵਿਖੇ ਭਾਈ ਅਜੀਤ ਸਿੰਘ ਦੀ ਯਾਦ ਵਿਚ ਅਖੰਡ ਕੀਰਤਨ 8 ਮਾਰਚ ਸਵੇਰ ਤੋਂ ਦੁਪਹਿਰ ਤੱਕ।

Regd. No./12245/66 SURA/MARCH./98 P.O. Regd. No. PB/LD/121/98



**ਗੁਰੂ ਸਵਾਰੇ ਭਾਈ ਬਹਾਦਰ ਸਿੰਘ ਜੀ**

ਪਿੰਡ ਜੋਧਵਾਲ ਤਹਿਸੀਲ ਸਮਰਾਲਾ ਵਿਖੇ 1913 ਈ: ਵਿਚ ਜਨਮੇ ਭਾਈ ਬਹਾਦਰ ਸਿੰਘ ਜੀ ਇਕ ਉੱਘੇ ਦੇਸ਼ ਭਗਤ ਤੇ ਸਤਿਕਾਰਤ ਸਖ਼ਸ਼ੀਅਤ ਸਨ ਜਿਨ੍ਹਾਂ ਨੇ ਸਾਰੀ ਉਮਰ ਘਰ,ਪਰਿਵਾਰ ਦੇ ਮੋਹ ਤੋਂ ਉਪਰ ਉਠ ਕੇ ਧਰਮ, ਸਮਾਜ ਦੀ ਸੇਵਾ ਕੀਤੀ। ਆਪ ਜੀ ਨੇ ਜੀਵਨ ਦਾ ਕਾਫ਼ੀ ਸਮਾਂ ਗੁਰੂ ਸਵਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਵਿਚ ਗੁਜ਼ਾਰੇ। ਅੰਗ੍ਰੇਜ਼ ਸਰਕਾਰ ਵੱਲੋਂ ਆਪ ਦੇ ਘਰ ਦੇ ਭਾਂਡੇ ਤੱਕ ਨੀਲਾਮ ਕਰ ਦਿੱਤੇ ਗਏ। ਪਰ ਆਪ ਜੀ ਨੇ ਪੂਰੇ ਸਿਦਕ ਨਾਲ ਆਪਣਾ ਸੰਘਰਸ਼ ਜਾਰੀ ਰੱਖਿਆ। ਆਪ ਜੀ 28 ਜਨਵਰੀ 1998 ਨੂੰ ਆਖਰੀ ਸਵਾਸਾਂ ਤੱਕ ਗੁਰਸਿੱਖੀ ਜੀਵਨ ਬਤੀਤ ਕਰਦੇ ਹੋਏ ਗੁਰੂ ਚਰਨਾ ਵਿਚ ਜਾ ਬਿਰਾਜੇ।

**ਬੱਸੀ ਪਠਾਣਾਂ ਵਿਖੇ ਰੈਣਿ ਸਬਾਈ ਕੀਰਤਨ**

ਭਾਈ ਸੁਰਿੰਦਰ ਸਿੰਘ ਦੇ ਗ੍ਰਹਿ ਮੁਹੱਲਾ ਗਿਲਜਾਨਾ ਨੇੜੇ ਗੁ: ਕਰਤਾਰਪੁਰ ਬੱਸੀ ਪਠਾਣਾਂ ਵਿਖੇ 7 ਮਾਰਚ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

**ਪਿੰਡ ਸ਼ਤਰਾਣਾ (ਪਟਿਆਲਾ) ਵਿਖੇ ਅਖੰਡ ਕੀਰਤਨ ਸਮਾਗਮ**

5 ਤੋਂ 7 ਮਾਰਚ ਸ੍ਰੀ ਅਖੰਡ ਪਾਠ ਸਾਹਿਬ ਅਤੇ ਸਵੇਰੇ ਸ਼ਾਮ ਦੋਨੋਂ ਵਕਤ ਅਖੰਡ ਕੀਰਤਨ 7 ਮਾਰਚ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ।

**ਬੁੱਟਰ ਖੰਡ ਮਿਲ (ਨੇੜੇ ਮਹਿਤਾ) ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ 7 ਮਾਰਚ ਰਾਤ ਨੂੰ**

**ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸਾਲਾਨਾ ਅਖੰਡ ਕੀਰਤਨ ਸਮਾਗਮ**

ਕਲਗੀਧਰ ਕੀਰਤਨ ਦਰਬਾਰ ਲੋਹਗੜ੍ਹ ਰੋਡ ਅਨੰਦਪੁਰ ਸਾਹਿਬ ਵਿਖੇ 11 ਤੋਂ 13 ਮਾਰਚ ਸ੍ਰੀ ਅਖੰਡ ਪਾਠ ਸਾਹਿਬ ਤੇ ਸਵੇਰੇ ਸ਼ਾਮ ਅਖੰਡ ਕੀਰਤਨ। 12 ਮਾਰਚ ਸ਼ਾਮ ਨੂੰ 6 ਤੋਂ 9 ਕੀਰਤਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ। 13 ਮਾਰਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ। ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

ਨੋਟ:- ਸਮਾਗਮ ਦਾ ਸਮੁੱਚਾ ਪ੍ਰਬੰਧ ਕਲਗੀਧਰ ਕੀਰਤਨ ਦਰਬਾਰ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

**ਬੁੱਢੇਵਾਲ (ਲੁਧਿਆਣਾ) ਵਿਖੇ ਮਾਸਿਕ ਰੈਣਿ ਸਬਾਈ ਕੀਰਤਨ**

ਗੁਰਦੁਆਰਾ ਸਾਹਿਬ ਬੁੱਢੇਵਾਲ (ਚੰਡੀਗੜ੍ਹ ਰੋਡ) ਲੁਧਿਆਣਾ ਵਿਖੇ 21 ਮਾਰਚ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

**ਪਿੰਡ ਵੈਰੋਵਾਲ (ਨੇੜੇ ਖਡੂਰ ਸਾਹਿਬ) ਵਿਖੇ ਰੈਣਿ ਸਬਾਈ ਕੀਰਤਨ**

ਭਾਈ ਮੱਖਣ ਸਿੰਘ ਜੀ ਦੇ ਗ੍ਰਹਿ ਵਿਖੇ ਭਾਈ ਸੁਲੱਖਣ ਸਿੰਘ ਜੀ ਦੀ ਯਾਦ ਵਿਚ 21 ਮਾਰਚ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

**ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ**

21 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਅਖੰਡ ਕੀਰਤਨ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ।

**ਪਿੰਡ ਨੈਨੋਕੋਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ**

ਭਾਈ ਜੋਗਿੰਦਰ ਸਿੰਘ ਦੇ ਗ੍ਰਹਿ ਵਿਖੇਂ 22 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦੁਪਹਿਰ ਤੱਕ ਅਖੰਡ ਕੀਰਤਨ ਅਖਾੜੇ ਸਜਣਗੇ। ਅੰਮ੍ਰਿਤਸਰ ਤੋਂ 22 ਮਾਰਚ ਸਵੇਰੇ 5 ਵਜੇ ਸੰਗਤਾਂ ਦੀ ਸੇਵਾ ਲਈ ਬੱਸ ਚੱਲੇਗੀ।

**ਗੁ: ਮੰਜੀ ਸਾਹਿਬ ਪਾ: ੧੦ ਵੀਂ ਆਲਮਗੀਰ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ**

ਗੁਰੂ ਅਮਰਦਾਸ ਜੀ ਦੇ ਗੁਰਿਆਈ ਦਿਵਸ ਤੇ 28 ਮਾਰਚ ਰਾਤ ਨੂੰ ਅਖੰਡ ਕੀਰਤਨੀ ਜੱਥਾ ਲੁਧਿਆਣਾ ਵੱਲੋਂ ਗੁ: ਮੰਜੀ ਸਾਹਿਬ ਪਾ: ੧੦ ਵੀ ਆਲਮਗੀਰ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਪਿੰਡ ਆਲਮਗੀਰ ਲੁਧਿਆਣਾ ਕੈਮਪਾ ਕੋਲਾ ਚੌਂਕ ਤੋਂ ਲੁਧਿਆਣਾ ਮਲੇਰਕੋਟਲਾ ਸੜਕ ਤੇ ਤਕਰੀਬਨ ਅੱਠ ਕਿਲੋ ਮੀਟਰ ਹੈ। ਸੰਗਤਾਂ ਨੂੰ ਲਿਜਾਣ ਵਾਸਤੇ ਗੁ: ਸਿੰਘ ਸਭਾ ਮਾਡਲ ਟਾਊਨ ਤੋਂ ਸ਼ਾਮ ਨੂੰ 6 ਅਤੇ 8 ਵਜੇ ਗੱਡੀ ਚੱਲੇਗੀ।

**ਸ਼ਹੀਦ ਭਾਈ ਅਵਤਾਰ ਸਿੰਘ ਕੁਰਾਲਾ ਦੀ ਯਾਦ ਵਿਚ ਅਖੰਡ ਕੀਰਤਨ ਸਮਾਗਮ ਤੇ ਅੰਮ੍ਰਿਤ ਸੰਚਾਰ**

ਭਾਈ ਸਾਹਿਬ ਦੇ ਪਿੰਡ ਕੁਰਾਲਾ (ਹੁਸ਼ਿਆਰਪੁਰ) ਵਿਖੇ 4 ਅਪ੍ਰੈਲ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ।

**ਬਾਬਾ ਬਕਾਲਾ ਵਿਖੇ 'ਸਾਚਾ ਗੁਰੂ ਲਾਧੋ ਰੇ' ਦਿਵਸ ਤੇ ਅਖੰਡ ਕੀਰਤਨ**

ਗੁ: ਭੋਰਾ ਸਾਹਿਬ ਵਿਖੇ 4 ਅਪ੍ਰੈਲ ਅੰਮ੍ਰਿਤ ਵੇਲੇ ਤੋਂ ਦੁਪਹਿਰ ਤੱਕ ਅਖੰਡ ਕੀਰਤਨ ਸ਼ਾਮ ਨੂੰ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

**ਦਰਬਾਰ ਸਾਹਿਬ ਤਰਨਤਾਰਨ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ 2 ਮਈ ਰਾਤ ਨੂੰ**


www.AKJ.Org